
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 45
Feburary 16, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਅਦਾਰਾ, "ਦੇਸ਼ ਦੁਆਬਾ" ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਪ੍ਰਕਾਸ਼ ਉਤਸਵ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਦਿਲੀ ਹਾਰਦਿਕ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 18, 19, 20 ਫਰਵਰੀ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। *ਹੋਰ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 'ਤੇ।*

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਪੂਰਨ ਸ਼ਰਧਾ ਅਤੇ ਉਤਸਾਹ ਨਾਲ ਮਨਾਇਆ

## ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸੀਰ ਗੋਵਰਧਨ ਵਿਖੇ ਨਤਮਸਤਕ ਹੋਏ



**ਵਾਰਾਣਸੀ** (ਬਿਊਰੋ)- ਸ੍ਰੀ ਗੁਰੂ ਰਵਿਦਾਸ ਹੀ ਦਾ ਜਨਮ ਅੱਜ ਦੇ ਦਿਨ ਮਾਘ ਪੂਰਨਿਮਾ ਨੂੰ ਧਰਮ ਅਤੇ ਅਧਿਆਤਮ ਦੀ ਨਗਰੀ ਵਾਰਾਣਸੀ ਵਿੱਚ ਹੋਇਆ ਸੀ। ਅੱਜ ਉਨ੍ਹਾਂ ਦਾ 645ਵਾਂ ਪ੍ਰਕਾਸ਼ ਦਿਹਾੜਾ ਸੀਰ ਗੋਵਰਧਨ ਵਿਖੇ ਸ਼ਰਧਾ ਨਾਲ ਮਨਾਇਆ ਗਿਆ।

ਸੂਰਜ ਚੜ੍ਹਨ ਦੇ ਨਾਲ ਹੀ ਕਈ ਤਰ੍ਹਾਂ ਦੇ ਧਾਰਮਿਕ ਸਮਾਗਮ ਸ਼ੁਰੂ ਹੋ ਗਏ ਹਨ। ਅਜਿਹੇ 'ਚ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਪ੍ਰਕਾਸ਼ ਦਿਹਾੜੇ ਤੇ ਨਤਮਸਤਕ ਹੋਏ।

ਇਸ ਦੌਰਾਨ ਉਹ ਸੰਤ ਨਿਰੰਜਨ ਦਾਸ ਨੂੰ ਮਿਲਣ ਉਪਰੰਤ ਉਨ੍ਹਾਂ ਨਾਲ ਕਰੀਬ 45 ਮਿੰਟ ਬਿਤਾਉਣ ਤੋਂ ਬਾਅਦ ਆਪਣੇ ਅਗਲੇ ਪ੍ਰੋਗਰਾਮ ਲਈ ਰਵਾਨਾ ਹੋ ਗਏ।

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਿਆਸੀ ਸਵਾਲਾਂ ਤੋਂ ਟਾਲਾ ਵੱਟਦੇ ਨਜ਼ਰ ਆਏ ਅਤੇ ਕਿਹਾ ਕਿ ਅੱਜ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਹੈ। ਮੈਂ ਉਨ੍ਹਾਂ ਦੇ ਪ੍ਰਕਾਸ਼ ਦਿਹਾੜੇ ਮੌਕੇ ਵਾਰਾਣਸੀ ਪਹੁੰਚਿਆ ਹਾਂ। ਸਮੂਹ ਮਨੁੱਖਤਾ ਨੂੰ ਸਤਗੁਰੂ ਦੇ ਪ੍ਰਕਾਸ਼ ਦਿਹਾੜੇ ਦੀਆਂ ਬਹੁਤ ਬਹੁਤ ਵਧਾਈਆਂ।

ਜਿਵੇਂ ਕਿ ਇਹ ਸੰਤਾਂ ਦੀ ਧਰਤੀ ਹੈ ਪਰ ਇਸ ਸਥਾਨ ਦਾ ਆਪਣੇ ਆਪ ਵਿਚ ਬਹੁਤ ਸਿਆਸੀ ਮਹੱਤਵ ਹੈ। ਇਹ ਸਤਗੁਰੂ ਮਹਾਰਾਜ ਦਾ ਜਨਮ ਅਸਥਾਨ ਹੈ ਜਿਥੇ ਦੁਨੀਆ ਭਰ ਤੋਂ ਸਮੂਹ ਸਾਧ ਸੰਗਤ ਹਰ ਸਾਲ ਹਾਜਰੀਆਂ ਭਰਦੀਆਂ ਹਨ। 3 ਦਿਨਾਂ ਤੱਕ ਚੱਲਣ ਵਾਲੇ ਇਸ ਸਮਾਗਮ ਵਿੱਚ ਡੇਰਾ ਸਚਖੰਡ ਬੱਲਾਂ ਮੁਖੀ ਸੰਤ ਨਿਰੰਜਨ ਦਾਸ ਜੀ ਵੀ ਪਹੁੰਚੇ ਅਤੇ ਹੋਰ ਡੇਰੇਆਂ ਤੋਂ ਮਹਾਪੁਰਸ਼ ਵੀ ਪਹੁੰਚੇ। ਇਸੇ ਤਰਾਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ, ਸਾਬਕਾ ਮੁੱਖ ਮੰਤਰੀ ਮਾਇਆਵਤੀ, ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ, ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਕਈ ਵੱਡੇ ਨੇਤਾ ਆਦ ਨਤਮਸਤਕ ਹੋਣ ਆਉਂਦੇ ਹਨ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## DHAN DHAN SRI GURU RAVIDASS JI

**Bole' So Nirbhay! Guru Ravidass Maharaj Ki Jai**

# 645th Gurpurb of Sri Guru Ravidass Ji



ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥ ਕਨਕ ਕਟਿਕ ਜਲ ਤਰੰਗ ਜੈਸਾ ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥ ਪਤਿਤ ਪਾਵਨ ਨਾਮ ਕੈਸੇ ਹੰਤਾ ॥੧॥ ਰਹਾਉ ॥
ਤਮਹਹ ਜ ਨਾਇਕ ਆਛਹ ਅੰਤਰਜਾਮੀ ॥ ਪਰਭ ਤੇ ਜਨ ਜਾਨੀਜੈ ਜਨ ਤੇ ਸਆਮੀ ॥੨॥
ਸਰੀਰ ਆਰਾਧੈ ਮੋ ਕਉ ਬੀਚਾਰ ਦੇਹੂ ॥ ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥

**Sri Guru Ravidass Sabha CA, Pittsburg** will be celebrating the 645th Parkash Utsav of SATGURU RAVIDASS JI on Sunday, February 20, 2022 at the Gurughar, The entire Sangat is humbly requested to participate in this Gurupurb . Sri Guru Ravidass ji was born in 1377, in Kanshi, in India, in a humble family of Pita Santokh Dass ji and Mata Kalsa Devi ji. Guru Ravidass Ji was a great religious and social reformer. Guru Ji dedicated his whole life for the welfare of the humanity. He preached social harmony and equality among all human beings. He stood against caste based discrimination.

**ARAMBH SHRI AKHAND PATH - February 18, 2022 (Friday) 10:00 AM**
**BHOG SHRI AKHAND PATH - February 20, 2022 (Sunday) 10:00 AM**
**Nishan Sahib Hoisting Ceremony - February 19, 2022(Saturday) at 11:00 AM.**
**(Nishan Sahib sewa by Bhai Sucha Singh Bangar and Bibi Sunita Bangar)**

We need **volunteers** to help with this event to prepare and serve Langar, keep Gurughar clean and organized, directing traffic/parking, kitchen and other Sewa. For **STALLS** or any **SEWA**, please contact President Jagtar Singh Bhatia at (925)487-9624 or Secretary Abhishek Pal Narabut at (925) 695-4637.

### KIRTAN DIWAN

**SATURDAY:** Gurughar Jatha will start Shabad Kirtan at 5:30PM
**Bhai Rachhpal Singh ji** start Shabad Kirtan at 6:00 PM
**SUNDAY: Giani Gurnam Singh ji / Giani Ompal Singh ji** will start the Shabad Kirtan at 11:00 AM
**Prominent Jatha of Bhai Onkar Singh ji, Una Sahib Waley will delight the sangat from 12:00 noon to 1:00 PM with Guru Ka Kirtan.**
Kirtani Jatha of Bhai Jagjit Singh ji will begin Shabad Kirtan at 1:00 PM



**"NANAK NAM CHARDI KALA TERE BHANE SARBAT DA BHALA"**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Jagtar Bhatia | Abhishek Pal Narabut | Sunita K Singh |

Pease visit Gurughar website for information: WWW.SriGuruRavidassTemple.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



ਸ੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਪ੍ਰਕਾਸ਼ ਉਤਸਵ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 18, 19, 20 ਫਰਵਰੀ ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ

**Mrs. & Mr. Shashi Paul (The Paul Family)**

**RE/MAX Gold**

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®

CalBRE # 01418648

Honesty Starts From Here

SELL OR BUY — Residential • Business • Commercial Lease • Investment Property and Land

Serving in Greater Sacramento area since 2004

**Cell: 916-628-2210**

**Fax: 916-745-3424**

**Office: 916-285-1000**

Email : Dil.Realtor@gmail.com

2081 Arena Blvd # 100 Sacramento, CA 95834



**NSB Insurance**

**NIRMAL SINGH BADHAN**



for Insurance Call:

NIRMAL SINGH BADHAN

707-228-2020

Lic #0144676

| | |
|---|---|
| HEALTH INSURANCE | RETIREMENT |
| LIFE INSURANCE | COLLEGE PLANNING |
| LONG TERM CARE INS | AUTO * HOME |
| FUNERAL EXPENSE | BUSINESS |

*Call: 707-228-2020, Fax: 707-260-2813*

www.nsbinsures.com

1519 Gary CT., Rohnert Park, CA 94928




ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ** ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



## Mrs. & Mr. Narinder Chahal (The Chahal Family)

ਅਬ ਮੋਹਿ ਖੂਬ ਵਤਨ ਗਹਿ ਪਾਈ। ਊਹਾਂ ਖੈਰ ਸਦਾ ਮੇਰੇ ਭਾਈ।




## Mrs. & Mr. Gurnam Singh Rattu (The Rattu Family)

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ** ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



Mrs. & Mr. Gurnam Singh Rattu

ਦੇਸ਼ ਦੁਆਬਾ

## CONGRATULATIONS ON 645th THE BIRTH ANNIVERSARY OF SAHIB SRI SATGURU RAVIDASS JI MAHARAJ

**Prem K. Chumber Editor-In-Chief:**
**Desh Doaba & Ambedkar Times**

Sri Guru Ravidass Ji Maharaj, whose 645th birth anniversary is being celebrated throughout the world, is revered as Shiromani Sant of the medieval Bhakti movement of North India. He was born in the so called lowest of the low castes, in Seer Goverdhanpur near Varanasi (Utter Pradesh), whose touch was used to be considered polluting to the Savarnas. He opened a frontal attack on the system of Untouchability and spoke against the system of hegemonic Brahminical mediation for an access to spirituality. He also said that one needs not to hide his caste or leave his low profession to reach God. He became a model for his fellow beings to overcome the hierarchical barriers of Brahminical Social Order and to establish Begumpura a state without fear and sorrows. Sri Guru Ravidass elevated the status of the labour by emphasizing on the fact that manual labour is the best way to lead a pious life. He vehemently opposed living on alms and charity of others.

He defeated the famous Kashi Pundits in a formally organized Shastrartha and proved that merit is not the fiefdom of the so called upper castes alone. Everybody is capable of obtaining knowledge and to worship. He underlined the fact that the fourfold division of the Hindu society is a sham and a gimmick keep a large section of the society under the cruel control of a few Upper castes in the name of purity-pollution principle cunningly devised by Brahmins. It is against this very system of oppressive social differentiation that Guru Ravidass envisioned an egalitarian socio-political order where there wouldbe no place for untouchability and social oppression. For the social transformation of the society, Sri Guru Ravidass Ji laid emphasis on labour, compassion, virtue, prohibition of alcohol and all bad deeds. He also reiteratedon the urgent need of remembering the formless God whom he addressed by variednames. Some scholars are of the view that Guru Ravidass did not form an organization nor he launched any consistent and systematic agitation against the system of untouchability. This is true. But to raise a loud voice at his times was noless than a clarion call to dismantle the unjust system of Brahminical social order. It is also true that the path told by him has become the beacon light for the Dalit movement.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਕਹਿ ਰਵਿਦਾਸ

-ਡਾ. ਬਲਵੀਰ ਮੰਨਣ
94173-45485

ਸਤਿਗੁਰੂ ਰਵਿਦਾਸ ਮਹਾਰਾਜ ਜੀ ਸਰਬ-ਸਮਰੱਥ ਹੁੰਦਿਆਂ ਵੀ ਖ਼ੁਦ ਨੂੰ 'ਮੈਂ ਕੁਝ ਵੀ ਨਹੀਂ' ਕਰ ਕੇ ਜਾਣਦੇ ਹਨ। ਇਹ ਤਿਨ੍ਹਾਂ ਦਾ ਪਰਮੇਸ਼ੁਰ ਜੀ ਦੇ ਪ੍ਰਤਿ ਅਨੂਠਾ ਸਮਰਪਣ-ਭਾਵ ਹੈ। ਸਰਬ ਗੁਣਾਂ ਦੇ ਸੋਮੇ ਹੁੰਦੇ ਹੋਏ ਵੀ ਆਖਦੇ ਹਨ ਕਿ ਮੇਰਾ ਕਰਮ ਦੂਜਿਆਂ ਨਾਲ਼ ਕੁਟਿਲਤਾ ਪੂਰਨ ਹੈ। ਸਤਿਗੁਰੂ ਜੀ ਦਾ ਹਿਰਦਾ ਪ੍ਰਭੂ-ਪ੍ਰੇਮ ਨਾਲ ਭਰਪੂਰ ਹੈ। ਇਸ ਨਿਰਮਲ, ਕੋਮਲ ਹਿਰਦੇ ਅੰਦਰ ਪ੍ਰਭੂ ਪ੍ਰਤਿ ਪ੍ਰੇਮ ਹੈ, ਮਨੁੱਖਤਾ ਪ੍ਰਤਿ ਪ੍ਰੇਮ ਹੈ। ਜੀਵਾਂ ਦੇ ਪੂਰਨ ਹਿਤ ਦੇ ਸਨਮੁਖ ਸਤਿਗੁਰੂ ਮਹਾਰਾਜ ਜੀ ਸਦੀਵੀ ਜੀਵਨ-ਜਾਚ ਦੀ ਬਖ਼ਸ਼ਿਸ਼ ਕਰਦੇ ਹਨ-



ਮਨੁੱਖ ਦੇ ਜੀਵਨ ਦਾ ਸਭ ਤੋਂ ਵੱਡਾ ਸੰਕਟ ਉਸ ਦਾ ਵਿਕਾਰਾਂ ਦੀ ਪਕੜ ਵਿੱਚ ਗ੍ਰਸੇ ਹੋਏ ਹੋਣਾ ਹੈ ਤੇ ਜੇਕਰ ਉਹ ਇਨ੍ਹਾਂ ਦੇ ਬੰਧੇਜ ਤੋਂ ਮੁਕਤ ਹੈ ਅਤੇ ਉਸ ਦੇ ਸਦਕਾ ਸ਼ੁਭ-ਸੁਭਾਵੀ ਹੈ, ਤਦ ਜੀਵਨ ਸਾਰਥਕ ਹੈ। ਜੀਵਨ ਪ੍ਰਭੂ-ਚਰਣਾਂ ਸੰਗ ਜੁੜਿਆ ਹੋਇਆ ਹੈ ਤਾਂ ਸਫ਼ਲ ਹੈ, ਵਰਨਾ ਇਹ ਦੇਹ ਕਿਸੇ ਅਰਥ ਨਹੀਂ। ਵਿਸ਼ਿਆਂ ਦੀ ਰਤਾ ਭਰ ਲਾਗ ਭੀ ਮਨੁੱਖ ਦੇ ਜੀਵਨ-ਰਸ ਅੰਦਰ ਖਟਾਸ-ਕੁੜੱਤਣ ਪੈਦਾ ਕਰ ਦੇਂਦੀ ਹੈ। ਏਸ ਲਈ, ਇਸ ਲਾਗ ਤੋਂ ਬਚਾਅ ਹਿਤ ਪ੍ਰਭੂ ਜੀ ਦੇ ਦਰ 'ਤੇ ਨਿਤ ਬੇਨਤੀ ਲੋੜੀਂਦੀ ਹੈ। ਜਦੋਂ ਜੀਵ ਉੱਚ-ਆਤਮਾ ਹੋ ਜਾਂਦਾ ਹੈ ਤਾਂ ਉਸ ਨੂੰ ਦੁੱਖ-ਚਿੰਤਾਵਾਂ ਪੋਂਹਦੇ ਨਹੀਂ। ਸਤਿਗੁਰੂ ਜੀ ਇਸ ਸੰਸਾਰ ਵਿੱਚ ਰੱਬੀ ਗੁਣਾਂ ਵਾਲਾ ਰਾਜ ਤੱਕਣਾ ਲੋਚਦੇ ਹਨ। ਅਜਿਹਾ ਪ੍ਰਬੰਧ, ਜਿਸ ਵਿੱਚ ਕਿਸੇ ਲਈ ਵੀ ਦੁੱਖ-ਚਿੰਤਾ ਨਾ ਹੋਵੇ, ਸਭ ਦੀ ਖ਼ੈਰ ਹੋਵੇ!

ਮਨ ਨਿਰਬਲ ਹੈ। ਇਹ ਝੱਟ ਬੁਰਾ ਪ੍ਰਭਾਵ ਕਬੂਲ ਲੈਂਦਾ ਹੈ। ਅਜਿਹੇ ਮਾਰੂ ਅਸਰ ਦੇ ਪ੍ਰਭਾਵ ਨੂੰ ਕਬੂਲਣ ਤੋਂ ਇਸ ਨੂੰ ਬਚਾਉਣ ਵਾਲਾ ਕੇਵਲ ਪ੍ਰਭੂ ਹੀ ਹੈ। ਜਿਹੜਾ ਜੀਵ ਸਤਿਗੁਰ ਜੀ ਦਾ ਸਦਾ ਦਾ ਸੰਗ ਲੋਚਦਾ ਹੈ; ਤਿਨ੍ਹਾਂ ਦਾ ਮਿਤ੍ਰ, ਹਮ-ਸ਼ਹਿਰੀ ਬਣਨਾ ਚਾਹੁੰਦਾ ਹੈ; ਉਹ ਸ੍ਰੀ ਸਤਿਗੁਰੂ ਜੀ ਨਾਲ ਹਰਿ-ਨਾਮ ਦਾ ਵਣਜ ਕਰੇ। ਇਸ ਵਿੱਚ ਸਦੀਵੀ ਸੁੱਖ ਹੈ। ਸੰਸਾਰ ਵਿੱਚ ਪਰਚਿਆਂ ਤਾਂ ਕੇਵਲ ਦੁੱਖ ਹੀ ਨਿਕਲਣਗੇ। ਹਰਿ-ਨਾਮ ਦਾ ਵਣਜ ਕੀਤਿਆਂ ਸਭ ਡਰ, ਸਭ ਭਰਮ ਦੂਰ ਹੋ ਜਾਂਦੇ ਹਨ। ਜੀਵਨ ਨਿਰਭੈਅ, ਸੰਸਾ ਰਹਿਤ ਹੋ ਜਾਂਦਾ ਹੈ। ਨਾ ਏਥੇ ਸੰਸਾਰ ਵਿੱਚ ਦੁੱਖਾਂ ਵਿੱਚ ਦਿਨ-ਰਾਤ ਬੀਤਣ ਤੇ ਨਾ ਮਗਰੋਂ ਜਮ-ਡੰਡ ਲੱਗੇ। ਸੰਸਾਰ ਨਾਸ਼ਵਾਨ ਹੈ ਪਰ ਇਸ ਵਿੱਚੋਂ ਵੀ ਖੱਟ ਜਾਓ। ਮਿਲ਼ੇ ਸਮੇਂ ਨੂੰ ਸਾਰਥਕ ਕੀਤਿਆਂ, ਇਸ ਬਿਨਸਣਹਾਰੇ ਸੰਸਾਰ ਵਿੱਚੋਂ ਵੀ ਖੱਟ ਜਾਈਦਾ ਹੈ। ਜਦ ਜੀਵ ਵਿਸ਼ਿਆਂ ਵਿੱਚ ਖੁੱਭ ਜਾਂਦਾ ਹੈ ਤਾਂ ਇਸ ਦੀ ਮੱਤ ਮਾਰੀ ਜਾਂਦੀ ਹੈ। ਚੰਗੇ ਮਾੜੇ ਦਾ ਵਿਚਾਰ ਨਹੀਂ ਰਹਿੰਦਾ। ਨੇੜੇ ਹੁੰਦਾ ਹੋਇਆ ਵੀ ਰੱਬ ਮਹਿਸੂਸ ਨਹੀਂ ਹੁੰਦਾ। ਤਾਂ ਤੇ ਪ੍ਰਭੂ ਜੀ ਦੇ ਦਰ 'ਪੁਰ ਪ੍ਰਾਰਥਨਾ ਹੈ।

ਹਿਰਦੇ ਤੋਂ ਕੀਤੀ ਭਗਤੀ ਭਰਪੂਰ ਫ਼ਲਦਾਇਕ ਹੈ। ਸਤਿਗੁਰੂ ਜੀ ਚਾਹੁੰਦੇ ਹਨ ਕਿ ਇਹ ਜੀਵ ਜਨਮ-ਮਰਨ ਦੇ ਬੰਧੇਜ ਤੋਂ ਛੁੱਟ ਜਾਵੇ। ਜਿੰਨਾ ਚਿਰ ਏਥੇ ਸੰਸਾਰ ਵਿੱਚ ਭੀ ਹੈ ਸੁੱਖ ਨਾ਼ਲ ਜੀਵੇ, ਟਿਕਾਅ ਵਿੱਚ ਰਹਵੇ। ਹੋਰ-ਹੋਰ ਕੰਮਾਂ ਵਿੱਚ ਸਮਾਂ ਬਰਬਾਦ ਕਰਨ ਦੀ ਬਜਾਇ ਉਹ ਸਰਬਉੱਤਮ ਕਾਰਜ ਹੀ ਕਰ ਲਿਆ ਜਾਵੇ, ਜਿਸ ਵਿੱਚ ਸਾਰੇ ਹੋਰ ਕਾਰਜ ਸਮਾਹਿਤ ਹੋਣ। ਆਪਾ-ਭਾਵ ਤੋਂ ਉੱਪਰ ਉੱਠਾਂਗੇ ਤਦ ਹੀ ਉਸ ਅਵਸਥਾ ਦੀ ਸੂਝ ਆਵੇਗੀ, ਜਿਸ ਦਾ ਨਾਂਅ 'ਬੇਗਮਪੁਰਾ' ਹੈ। ਫਿਰ ਸਦਾ ਲਈ ਉਸ ਸ਼ਹਿਰ ਦੇ ਵਸਨੀਕ ਹੋ ਜਾਵਾਂਗੇ।

ਸਤਿਗੁਰੂ ਦੀ ਕਿਰਪਾ ਨਾ਼ਲ ਜੀਵ ਅਗਿਆਨ ਦੇ ਖੂਹ ਵਿੱਚੋਂ ਬਾਹਰ ਨਿਕਲਦਾ ਹੈ। ਸੂਰਜ ਦੇ ਉਦੈ ਹੋਇਆਂ ਜਿਵੇਂ ਹਨੇਰਾ ਭੱਜ ਜਾਂਦਾ ਅਤੇ ਪਾਰਸ ਦਾ ਸਪਰਸ਼ ਪਾਇਆਂ ਜਿਵੇਂ ਤਾਂਬਾ ਤੁਰੰਤ ਸੋਨਾ ਹੋ ਜਾਂਦਾ ਹੈ। ਪਰ ਇਹ ਦਾਤ, ਧੁਰੋਂ ਹੀ ਲਿਖੀ ਹੋਵੇ, ਤਦ ਮਿਲਦੀ ਹੈ। ਸਭ ਬੰਧਨ ਜਿਉਂਦਿਆਂ ਦੇ ਹੀ ਟੁੱਟ ਜਾਂਦੇ ਹਨ। ਸਤਿਗੁਰੂ ਦੀ ਬਖ਼ਸ਼ੀ ਹੋਈ ਭਗਤੀ ਦੀ ਜੁਗਤਿ, ਪ੍ਰੇਮ-ਪੂਰਣ ਭਗਤੀ ਦਾ ਰਾਹ ਮਤਿ ਨੂੰ ਨਿਰਮਲ ਕਰ ਦੇਂਦਾ ਹੈ। ਕਰਮ ਬੰਧਨਾਂ ਤੋਂ ਮੁਕਤ ਹੋਣ ਲਈ ਹੋਰ ਜੁ ਮਰਜ਼ੀ ਕਰੀਏ, ਬਿਰਥਾ ਹੈ।

ਵਿਸ਼ਿਆਂ 'ਚ ਫਸਿਆ ਮਨੁੱਖ ਪਸ਼ੂਆਂ ਤੋਂ ਵਧੀਕ ਕੁਝ ਨਹੀਂ, ਸਗੋਂ ਉਨ੍ਹਾਂ ਤੋਂ ਭੀ ਥੱਲੇ ਹੈ। ਕਿਉਂਕਿ ਉਨ੍ਹਾਂ 'ਚ ਤਾਂ ਇੱਕ ਦੋਸ਼ ਹੋਵੇਗਾ, ਪਰ ਇਸ ਵਿੱਚ ਪੰਜ ਅਸਾਧ ਦੋਸ਼! ਉਨ੍ਹਾਂ ਨੂੰ ਤਾਂ ਵਿਸ਼ਿਆਂ ਬਾਰੇ ਸਮਝ ਨਹੀਂ, ਐਸਾ ਵਿਵੇਕ ਨਹੀਂ ਪਰ ਇਹ ਵਿਵੇਕ ਰੂਪੀ ਦੀਪਕ ਦੇ ਹੁੰਦਿਆਂ ਵੀ ਕੁਰਾਹੇ/ਔਝੜੇ ਜਾ ਪੈਂਦਾ ਹੈ। ਫੇਰ ਇਸ ਦੇ ਅਜਿਹੇ ਕਰਮ ਇਸ ਨੂੰ ਕਾਲ ਦੀ ਫਾਹੀ ਜਾ ਫਹਾਉਂਦੇ ਹਨ। ਇਹ ਫਿਰ ਜੁੱਗਾਂ ਤੋੜੀ ਅਸਮਰਥ, ਨਿਰਬਲ, ਬੇਵੱਸ ਹੋਇਆ; ਉਸ ਫਾਹੀ ਵਿੱਚ ਫਸਿਆ; ਦੁੱਖ ਭੋਗਦਾ ਹੈ। ਮਨੁੱਖਾ ਦੇਹੀ ਵਿੱਚ ਇਸ ਪਾਸ ਸਮਾਂ ਸੀ ਛੁੱਟਣ ਦਾ, ਪਰ ਇਹ ਵੀ ਅਜਾਈਂ ਚਲਾ ਗਿਆ। ਬੰਧਨ-ਮੁਕਤ ਹੋ ਜਾਣ ਵਾਲੀ ਸੋਝੀ ਸਤਿਗੁਰੂ ਦੀ ਕਿਰਪਾ ਥੀਂ ਆਉਂਦੀ। ਇਹ ਮਨ ਨਿਰਮਲ ਹੋਵੇ ਤੇ ਨਿਰੰਤਰ ਨਿਰਮਲ ਬਣਿਆ ਰਹੇ; ਇਸ ਨੂੰ ਸਾਧਸੰਗਤਿ ਲੋੜੀਂਦੀ ਹੈ।

ਸਤਿਗੁਰੂ ਪਰਮੇਸ਼ੁਰ ਹੁੰਦੇ ਹਨ ਅਤੇ ਆਪਣਾ ਸੁਨੇਹਾ -ਜੋ ਜੀਵ ਲਈ ਅਤਿ ਲਾਹੇਵੰਦ ਹੈ, ਦੇਣ ਆਉਂਦੇ ਹਨ। ਇਹ ਜੀਵ ਮਨ ਕਰਕੇ ਤਿਨ੍ਹਾਂ ਦੀ ਸੰਗਤ ਵਿੱਚ ਬੈਠੇ, ਬਚਨ ਸੁਣੇ, ਤਿਨ੍ਹਾਂ ਨਾ਼ਲ ਸੱਚਾ ਪ੍ਰੇਮ ਕਰੇ। ਤਿਨ੍ਹਾਂ ਦੀ ਸੇਵਾ ਵਿੱਚ ਰਹਿ ਕੇ ਤਿਨ੍ਹਾਂ ਦਾ ਪ੍ਰਭਾਵ ਮਨ 'ਤੇ ਕਬੂਲੇ। ਕੁਸੰਗਤ ਤੋਂ ਦੂਰ ਰਹੇ, ਦੂਰ ਭੱਜੇ। ਵਿਕਾਰ ਦੂਰ ਹੋਇਆਂ ਇਹ ਚੰਦਨ-ਵੱਤ ਹੋ ਜਾਏਗਾ। ਸਤਿਗੁਰੂ ਪਰਮ-ਪਾਰਸ ਜੁ ਨੇ; ਖ਼ੁਦ ਜੇਹਾ ਕਰ ਲੈਣਗੇ। ਭਾਵੇਂ ਮਲੀਨ-ਬੁੱਧੀ ਅਜੇ ਹੈ, ਤਦ ਵੀ ਤਿਨ੍ਹਾਂ ਦੀ ਸੰਗਤ ਵਿੱਚ ਜਾਵੇ, ਬੈਠੇ। ਇਹ ਤਦ ਇਕ ਮਨ ਚਿੱਤ ਹੋ ਬੈਠੇ। ਇਸ ਜੀਵਨ ਵਿੱਚ ਜੇਕਰ ਅਸਾਂ ਨਾ ਬੈਠੇ ਤਾਂ ਖ਼ਾਲੀ ਆਏ ਤੇ ਖ਼ਾਲੀ ਮੁੜ ਗਏ।

ਇੱਕ ਪਰਮੇਸ਼ੁਰ ਜੀ ਦੇ ਚਰਨ-ਕਮਲਾਂ ਦਾ ਪ੍ਰੇਮ ਜੀਵਨ ਵਿੱਚੋਂ ਨਾ ਜਾਵੇ, ਦੇਹ ਦੇ ਚਲੇ ਜਾਣ ਦੀ ਰਤਾ ਭਰ ਵੀ ਪਰਵਾਹ ਨਹੀਂ। ਦੁੱਖ-ਸੁੱਖ-ਧਨ ਦੀ ਪਰਵਾਹ ਨਹੀਂ। ਇਹ ਉੱਚੀ ਅਵਸਥਾ ਹੈ। ਅਜਿਹੀ ਅਵਸਥਾ ਵਾ਼ਲਾ ਸੰਸਾਰਕ ਧੰਦੇ ਭੀ ਕਰਦਾ ਹੈ ਪਰ ਉਨ੍ਹਾਂ ਧੰਦਿਆਂ ਵਿੱਚ ਲੰਪਟ ਨਹੀਂ ਹੁੰਦਾ। ਖ਼ੁਦ ਨੂੰ ਪ੍ਰਭੂ-ਪ੍ਰੇਮ ਦੀ ਡੋਰ ਵਿੱਚ ਬੱਝਾ ਹੋਇਆ ਮਹਿਸੂਸਦਾ ਉਹ ਸੁੱਖ ਦਾ ਅਨੁਭਵ ਕਰਦਾ ਹੈ। ਵਰਨਾ ਇਹ ਸਭ ਸਾਮਾਨ ਸੰਸਾਰ ਦਾ, ਇਹ ਦੇਹ ਕੌਡੀ ਮੁੱਲ ਨਹੀਂ।

ਪ੍ਰਭੂ-ਸਿਮਰਨ ਇਸ ਸੰਸਾਰ-ਸਾਗਰ ਤੋਂ ਪਾਰ ਹੋਣ ਦਾ ਜ਼ਰੀਆ ਹੈ। ਪੂਰਬਲੇ ਮਹਾਪੁਰਸ਼, ਜਿਹੜੇ ਇਸ ਸੰਸਾਰ-ਸਾਗਰ ਤੋਂ ਪਾਰ ਹੋਏ ਜਾਂ ਜੋ ਵੀ ਕੁਝ ਤਿਨ੍ਹਾਂ ਨੇ ਜਗਤ-ਕਲਿਆਣ ਹਿਤ ਅਥਵਾ ਮਾਨਵ-ਮਨ ਪ੍ਰੇਰਣਾ ਹਿਤ ਕੌਤਕ ਕੀਤੇ; ਸਭ ਪ੍ਰਭੂ ਦੇ ਸਿਮਰਣ ਦਾ ਪਰਤਾਪ ਹੀ ਸਨ।

ਮਨੁੱਖ ਦਾ ਹਾਲ ਕੀ ਹੈ? ਕੁਛ ਮਿਲਿਆ ਤਾਂ ਫੁੱਲ ਗਿਆ, ਕੁਝ ਗਿਆ ਤਾਂ ਫਿੱਸ ਪਿਆ। ਮਨ, ਬੋਲੀ ਅਤੇ ਕਰਮਾਂ ਦੁ-ਆਰਾ ਰਸਾਂ-ਕਸਾਂ 'ਚ ਖੁੱਭਿਆ ਹੋਇਐ ਤੇ ਫਿਰ ਚੁਰਾਸੀ ਭੁਗਤਦਾ ਹੈ। ਇਹ ਖੇਡ ਦੀ ਇੱਕੋ ਵਾਰੀ ਹੈ, ਜੇਕਰ ਖਿਡਾਵੇ ਨਾ਼ਲ ਜੁੜ ਗਿਆ ਤਾਂ ਜਿੱਤ ਜਾਵੇਗਾ ਜੇਕਰ ਮਨਮਤਿ ਕਰੇਗਾ ਤਾਂ ਹਾਰ ਪੱਕੀ ਹੈ। ਪ੍ਰਭੂ-ਪੂਜਾ ਲਈ ਤਨ, ਮਨ ਹੀ ਭੇਟਾ ਕਰਨਜੋਗ ਹੈ ਹੋਰ ਸਭ ਸਾਧਨ ਨਿਰਰਥਕ ਹਨ। ਸਤਿਗੁਰੂ ਦੀ ਕਿਰਪਾ ਤੋਂ ਪ੍ਰਭੂ ਮਿਲ ਪੈਂਦਾ ਹੈ। ਹੋਰ ਪੂਜਾ ਨੇ ਕੁਝ ਨਹੀਂ ਸੰਵਾਰਨਾ।

ਜਦ ਤੱਕ ਅੰਦਰ 'ਮੈਂ' ਰਹੇਗੀ 'ਉਹ' ਨਹੀਂ ਪ੍ਰਗਟੇਗਾ। ਜਦ ਪ੍ਰਗਟ ਭਇਆ ਤਦ 'ਮੈਂ' ਨੂੰ ਕਿੱਧਰੇ ਥਾਂ ਨਹੀਂ ਲੱਭਣੀ। 'ਮੈਂ' ਰੂਪੀ ਭਰਮ ਹੀ ਪ੍ਰਭੂ ਤੋਂ ਜੀਵ ਦਾ ਖ਼ੁਦ ਨੂੰ ਵੱਖ ਸਮਝਣ ਹਿਤ ਬੰਧਨ ਹੈ। ਸੱਚ ਪਰ ਇਹ ਹੈ ਕਿ ਲਹਿਰ ਦਾ ਅਸਲਾ (ਮੂਲ) ਸਿਰਫ਼ ਜਲ ਹੀ ਹੈ। ਮਨ ਜਦ ਟਿਕਾਅ ਵਿੱਚ ਆ ਜਾਵੇ ਤਦ ਇਸ ਦੀ ਭਰਮ ਦੀ ਗੰਢ ਖੁੱਲ੍ਹਦੀ ਹੈ।

ਜਿਵੇਂ ਮੱਛੀ ਨੂੰ ਟੁਕੜਾ-ਟੁਕੜਾ ਹੋਇਆਂ ਭੀ ਉਸਦਾ ਪਿਆਰਾ (ਜਲ) ਨਹੀਂ ਵਿੱਸਰਦਾ, ਪ੍ਰਭੂ ਪਿਆਰਾ ਅਸਾਨੂੰ ਭੀ ਨਾ ਵਿਸਰੇ। ਭਾਵੇਂ ਇਹ ਦੇਹ ਰੇਜ਼ਾ-ਰੇਜ਼ਾ ਪਈ ਹੋਵੇ। ਇਹ ਦੇਹ ਭਾਵੇਂ ਨਾ ਭੀ ਰਹੇ, ਉਸ ਨਾ਼ਲ ਬੱਝੀ ਪਿਆਰ ਦੀ ਸੂਬਕ ਡੋਰੀ ਨਾ ਟੁੱਟੇ। ਜਿਹੜਾ ਵੀ (ਚਾਹੇ ਕੋਈ ਭੀ ਹੋਵੇ) ਚਾਹੇ, ਉਸ ਪ੍ਰਭੂ ਨੂੰ ਪ੍ਰੇਮ ਦੀ ਕੱਚੀ ਡੋਰੀ 'ਚ ਬੰਨ੍ਹ ਲਵੇ। ਉਹ ਕੇਵਲ ਪ੍ਰੇਮ ਦਾ ਭੁੱਖਾ ਹੈ।

ਉਸ ਪ੍ਰਭੂ ਨਾ਼ਲ ਸੱਚਾ ਪ੍ਰੇਮ ਬਣਿਆਂ ਹੀ ਮੋਹ ਦੀ ਫਾਹੀ ਖੁੱਲ੍ਹਦੀ ਹੈ -ਵਰਨਾ ਕੋਈ ਹੋਰ ਸਾਧਨ ਨਹੀਂ। ਮੋਹ ਰੂਪੀ ਸੇਕ ਤੋਂ ਕੇਵਲ ਹਰਿ ਜੀ ਦੇ ਪ੍ਰੇਮ ਕਰਨ ਵਾ਼ਲੇ ਪਿਆਰੇ ਹੀ ਬਚਦੇ ਹਨ। ਉਸ ਪ੍ਰਭੂ ਜੀ ਦੀ ਪੂਰਨ ਪ੍ਰੇਮ-ਪੂਰਵਕ ਅਰਾਧਨਾ ਹੀ ਓਹ ਕੱਚੀ ਡੋਰ ਹੈ, ਜੋ ਹਰਿ ਜੀਓ ਨੂੰ ਕੱਸ ਲੈਂਦੀ ਹੈ।

ਜੀਵ ਅਕਲਮੰਦ ਤਦ ਹੈ ਜੇਕਰ ਜੀਵਨ ਦੇ ਮਨੋਰਥ ਨੂੰ ਜਾਣ ਕੇ, ਸਮਝ ਕੇ ਉਸ ਦੀ ਪ੍ਰਾਪਤੀ ਹਿਤ ਨਿਰੰਤਰ ਯਤਨ ਕਰੇ। ਜੀਵਨ ਜਾਂ ਸੰਸਾਰ ਦੇ ਬਾਹਰੀ ਸੁੱਖ-ਸਾਧਨਾਂ ਵਿੱਚ ਫਸ ਕੇ ਜੀਵਨ ਦੇ ਮੁੱਖ ਮਨੋਰਥ ਤੋਂ ਖੁੰਝ ਬਹਿਣਾ ਬੁੱਧੀਮਾਨੀ ਕਦੇ ਨਹੀਂ। ਮਨੁੱਖਾ ਜੀਵਨ ਦੇ ਮੁੱਖ ਮਨੋਰਥ ਦੀ ਪ੍ਰਾਪਤੀ ਹਿਤ ਲੱਗਿਆਂ ਇਸ ਜੀਵ ਨੂੰ ਪ੍ਰਭੂ-ਨਾਮ ਦਾ ਅੰਮ੍ਰਿਤ ਪ੍ਰਾਪਤ ਹੁੰਦਾ ਹੈ, ਜਿਸ ਦੇ ਪ੍ਰਾਪਤ ਹੋਇਆਂ ਬਾਹਰੀ ਝੂਠੇ ਤੇ ਫ਼ੋਕੇ ਰਸਾਂ ਦਾ ਅਸਲਾ ਸਮਝ ਪੈ ਜਾਂਦਾ ਹੈ। ਇਸ ਭਰਮ-ਨਵਿਰਤੀ, ਜੋ ਵਿਲੱਖਣ ਬੁੱਧੀ ਦੇ ਪ੍ਰਕਾਸ਼ ਸਦਕਾ ਹੁੰਦੀ ਹੈ, ਕਾਰਨ ਜੀਵਨ ਕੁ-ਰਸਾਂ ਵੱਲ ਨੂੰ ਮੂੰਹ ਨਹੀਂ ਕਰਦਾ। ਜੀਵ ਨੂੰ ਪਤਾ ਭੀ ਹੈ ਕਿ ਇਸ ਦੁਆਰਾ ਕੀਤੇ ਜਾ ਰਹੇ ਮੰਦ-ਕਰਮਾਂ ਦੇ ਸਿੱਟੇ ਇਸ ਨੂੰ ਤੰਗ ਕਰਨਗੇ ਪਰ ਫੇਰ ਭੀ ਇੰਦਰੀਆਂ ਦੇ ਪ੍ਰਭਾਵ ਹੇਠ ਬਲਹੀਨ ਹੋ ਕੇ (ਭਾਵੇਂ ਅਜਿਹੇ 'ਚ ਖ਼ੁਦ ਨੂੰ ਬਲਸ਼ਾਲੀ ਜਾਣਦਾ ਹੈ) ਕੁਰਾਹੇ ਪਇਆ ਹੋਇਆ ਰੱਬੀ ਰਾਹ 'ਤੇ ਨਹੀਂ ਆ ਪਾਉਂਦਾ। ਮਨ ਦੇ ਸੰਕਲਪਾਂ-ਵਿਕਲਪਾਂ 'ਚ ਇਸ ਦੀ ਉਮਰ ਲੰਘਦੀ ਚਲੀ ਜਾਂਦੀ ਹੈ। ਹੇ ਪ੍ਰਭ ਜੀ! ਇਸ ਜੀਵ ਨੂੰ ਆਪ ਜੀ ਹੀ ਸੋਝੀ ਦਿਓ। ਇਸ 'ਤੇ ਰਹਿਮ ਕਰੋ -ਰਹਿਮਤ ਕਰੋ ਜੀ!

ਪ੍ਰਭੂ-ਸਿਮਰਨ ਤੋਂ ਬਿਨਾ ਸੁੱਖ ਹੋਰ ਕਿਧਰੇ ਨਹੀਂ। ਜਿਸ 'ਹਰਿ ਹਰਿ' ਨੂੰ ਜਪ ਕੇ ਪ੍ਰਭੂ-ਪਿਆਰੇ ਸੰਸਾਰ-ਸਾਗਰ ਤੋਂ ਪਾਰ ਲੱਗੇ, ਉਸ 'ਹਰਿ ਹਰਿ' ਨੂੰ ਜਪਣ ਤੋਂ ਇਸ ਜੀਵ ਦੀ ਜੀਭ ਕਤਰਾਉਂਦੀ ਹੈ। ਧਾਰਮਿਕ ਪੁਸਤਕਾਂ ਦਾ ਕੇਵਲ ਪਾਠ ਭੀ ਪਾਰ ਲਗਾਉਣ ਵਾ਼ਲਾ ਨਹੀਂ। ਪ੍ਰਭੂ ਨਾਮ ਵਿੱਚ ਸੁਰਤਿ ਜੁੜਿਆਂ ਗਿਆਨ ਦਾ ਚਾਨਣਾ ਮਿਲਦਾ ਹੈ ਜਿਸ ਥੀਂ ਜਨਮ-ਮਰਨ ਦੇ ਭੈਅ ਦੂਰ ਹੁੰਦੇ ਹਨ। ਜਦ ਪ੍ਰਭੂ ਨਾਲ ਪ੍ਰੀਤ ਲੱਗ ਜਾਂਦੀ ਹੈ ਤਾਂ ਝੂਠੀਆਂ ਪ੍ਰੀਤਾਂ ਲਈ ਥਾਂ ਨਹੀਂ ਰਹਿੰਦੀ। ਇਹ ਅਨੂਠੀ ਪ੍ਰੀਤ ਉਹ ਆਪ ਬਖ਼ਸ਼ਦਾ ਹੈ ਤੇ ਜਿਸ ਨੂੰ ਮਿਲ ਜਾਵੇ, ਫਿਰ ਉਹ ਇਸ ਪਰਮ ਧਨ ਨੂੰ ਕਿਸੇ ਹਾਲ ਭੀ ਛੱਡਣਾ ਨਹੀਂ ਚਾਹੁੰਦਾ। ਇਸ ਪ੍ਰੀਤ ਦੇ ਤੁੱਲ ਜਗਤ ਦੀ ਕੋਈ ਹੋਰ ਪ੍ਰੀਤ ਜੁ ਨਹੀਂ ਹੋਂਦੀ। ਪ੍ਰਭੂ-ਪ੍ਰੇਮੀ ਪ੍ਰਭੂ ਪਾਸੋਂ ਉਸ ਦਾ ਪ੍ਰੇਮ ਹੀ ਕੇਵਲ ਲੋਚਦਾ ਹੈ। ਜਿੱਥੇ-ਜਿੱਥੇ ਪ੍ਰਭੂ ਜੀ ਦਾ ਪਿਆਰਾ ਜਾਵੇ, ਇਹ ਪ੍ਰੀਤ ਓਥੇ-ਓਥੇ ਹੀ ਉਸ ਦੇ ਨਾ਼ਲ ਜਾਂਦੀ ਹੈ। ਹੋਰ ਕੋਈ ਦੇਵੀ-ਦੇਵ ਪ੍ਰਭੂ ਦਾ, ਕਿਸੇ ਤਰ੍ਹਾਂ ਵੀ, ਸਾਨੀ ਨਹੀਂ। ਜੀਵ ਪਾਸ ਜੇਕਰ ਨਾਮ-ਧਨ ਹੈ ਤਾਂ ਉਸ ਨੂੰ ਸਭ ਸੁੱਖ, ਸਭ ਸੁੱਖ-ਸਾਧਨ ਮੁਬਾਰਕ ਨੇ। ਨਹੀਂ ਤਾਂ ਬਾਜ਼ੀ ਹਾਰ ਬੈਠੇਗਾ। ਇਸ ਤਨ ਨੂੰ ਸੰਸਾਰ-ਸਾਗਰ ਵਿੱਚ ਜਿੰਨਾ ਉਤਾਰੋਂਗੇ, ਗੋਤੇ ਖਾਓਂਗੇ। ਬਸ ਇਸ ਸਾਗਰ ਨੂੰ ਤੈਰ ਜਾਣਾ ਹੈ ਪ੍ਰਭੂ-ਨਾਮ ਦੇ ਬੇੜੇ ਵਿੱਚ ਬਹਿ ਕੇ। ਇਸ ਝੂਠੇ ਸੰਸਾਰ ਨਾ਼ਲ ਪ੍ਰੀਤ ਗੰਢਿਆਂ ਗੱਲ ਨਹੀਂ ਬਣਨੀ। ਇਹ ਪ੍ਰੀਤ ਤਾਂ ਇਸ ਸੰਸਾਰ ਵਿੱਚ ਭੀ ਅਤੇ ਦਰਗਹਿ ਅੰਦਰ ਭੀ ਖ਼ੁਆਰੀ ਦਾ ਕਾਰਨ ਹੈ। ਆਦਿ ਤੋਂ ਇਹੀ ਉਸੂਲ ਹੈ। ਕਮਲ ਜੈਸੇ ਰਹਿਣਾ ਹੈ; ਚਿੱਕੜ 'ਚ ਰਹਿੰਦਿਆਂ ਨਿਰਮਲ-ਨਿਰਲੇਪ ਰਹੀਏ। ਉਹੀ ਕੰਮ ਅਸਾਨੂੰ ਭੀ ਕਰਨਾ ਪੈਣਾ ਜੋ ਗੁਰਾਂ ਨੇ ਕੀਤਾ, ਉਰਵਿਦਾਸ ਜਪੈ ਰਾਮ ਨਾਮਾ॥ " ਤਦੀਂ ਛੁਟਕਾਰਾ ਹੋਵੇਗਾ।

**ਬਾਕੀ ਅਗਲੇ ਸਫ਼ੇ ਤੇ**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਲੋਂ ਪ੍ਰਵਾਸੀ ਲੇਖਕ ਪ੍ਰਿਤਪਾਲ ਸਿੰਘ ਟਿਵਾਣਾ(ਸਿਆਟਲ) ਦਾ ਰੂ-ਬ-ਰੂ ਤੇ ਸਨਮਾਨ

ਬਾਲਿਆਂਵਾਲੀ, 12 ਫਰਵਰੀ (ਹਰਿੰਦਰ ਹਨੀ): ਪੇਂਡੂ ਸਾਹਿਤ ਸਭਾ ਰਜਿ। ਬਾਲਿਆਂਵਾਲੀ ਵੱਲੋਂ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬਰੇਰੀ ਵਿਖੇ ਪ੍ਰਵਾਸੀ ਲੇਖਕ ਪ੍ਰਿਤਪਾਲ ਸਿੰਘ ਟਿਵਾਣਾ ਸਿਆਟਲ (ਯੂ।ਐਸ।ਏ) ਦਾ ਰੂ-ਬ-ਰੂ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ।ਆਪਣੀ ਧਰਮ ਪਤਨੀ ਅਤੇ ਦੋਹਤੀ ਨਾਲ ਇੱਥੇ ਪਹੁੰਚੇ ਟਿਵਾਣਾ ਜੀ ਨੇ ਆਪਣੇ ਜੀਵਨ ਕਾਲ ਦੀਆਂ ਬਾਤਾਂ ਸਰੋਤਿਆਂ ਨਾਲ ਸਾਂਝੀਆਂ ਕਰਦਿਆਂ ਆਪਣੇ ਸਾਹਿਤਕ ਸਫਰ ਦੀ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਇੱਥੇ ਆਕੇ, ਪੇਂਡੂ ਸਾਹਿਤ ਸਭਾ ਦੀ ਪੰਜਾਬ, ਪੰਜਾਬੀ, ਪੰਜਾਬੀਅਤ ਪ੍ਰਤੀ ਸੁਹਿਰਦਤਾ ਨੂੰ ਵੇਖਕੇ ਮੈਨੂੰ ਪੂਰਨ ਵਿਸ਼ਵਾਸ ਹੋਇਆ ਹੈ ਕਿ ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਖੋ-ਵੱਖ ਸਾਹਿਤਕ ਪ੍ਰੋ-ਗਰਾਮ ਅਤੇ ਸਮਾਜ ਭਲਾਈ ਦੇ ਹੋਰ ਕੰਮ ਬੜੀ ਅਣਥੱਕ ਮਿਹਨਤ ਤੇ ਲਗਨ ਨਾਲ ਕਰ ਰਹੀ ਹੈ।

ਪੇਂਡੂ ਸਾਹਿਤ ਸਭਾ ਦੇ ਇਸ ਰੂ-ਬ- ਰੂ ਪ੍ਰੋਗਰਾਮ ਕਰਕੇ ਮੈਂ ਆਪਣੇ ਆਪ ਨੂੰ ਭਾਗਸ਼ਾਲੀ ਸਮਝਦਾ ਹਾਂ।ਇਸ ਮੌਕੇ ਉਹਨਾਂ ਸਾਹਿਤ ਸਭਾ ਦੀ ਆਰਥਿਕ ਮਦਦ ਕਰਕੇ ਸਭਾ ਨੂੰ ਆਸ਼ੀਰਵਾਦ ਦਿੰਦਿਆ ਅੱਗੇ ਤੋਂ ਵੀ ਯਥਾ ਸੰਭਵ ਮੱਦਦ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਕੈਲੇਫੋਰਨੀਆ ਅਮਰੀਕਾ ਤੋਂ ਤਸ਼ਰੀਫ ਲਿਆਏ ਸ੍ਰ।ਤਰਲੋਚਨ ਸਿੰਘ ਰੰਧਾਵਾ ਵੱਲੋਂ ਵੀ ਸਭਾ ਨੂੰ ਮਾਲੀ ਸਹਾਇਤਾ ਦਿੱਤੀ ਗਈ ਜਦੋਂ ਕਿ ਉਹ ਪਹਿਲਾਂ ਵੀ ਸਭਾ ਦੀ ਵਿਤੀ ਮੱਦਦ ਕਰ ਚੁੱਕੇ ਹਨ।

ਸਭਾ ਦੇ ਅਹੁਦੇਦਾਰਾਂ ਸੁਖਦਰਸ਼ਨ ਗਰਗ,ਜਗਨ ਨਾਥ ਅਤੇ ਪ੍ਰਵਾਸੀ ਲੇਖਕ ਮੰਗਤ ਕੁਲਜਿੰਦ ਨੇ ਟਿਵਾਣਾ ਜੀ ਦੇ ਸਨਮਾਨ 'ਚ ਬੋਲਦਿਆਂ ਸਭਾ ਦੀਆਂ ਗਤੀਵਿਧੀਆਂ ਬਾਰੇ ਜਾਣੂੰ ਕਰਵਾਇਆ ਗਿਆ।ਸਾਹਿਤਕ ਪ੍ਰੋਗਰਾਮ ਵਿੱਚ ਸਭਾ ਨਾਲ ਜੁੜੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ।ਸਨਮਾਨ ਚਿੰਨ ਅਤੇ ਲੋਈ ਦੇਕੇ ਸਭਾ ਵੱਲੋਂ ਟਿਵਾਣਾ ਜੀ ਦਾ ਸਨਮਾਨ ਕੀਤਾ ਗਿਆ ਜਦੋਂ ਕਿ ਉਹਨਾਂ ਦੀ ਧਰਮਪਤਨੀ ਦਾ ਸ਼ਾਲ ਦੇਕੇ ਸਨਮਾਨ ਕੀਤਾ ਗਿਆ।ਸਭਾ ਦੇ ਲੇਖਕਾਂ ਦੀਆਂ ਕਿਤਾਬਾਂ ਦਾ ਸੈਟ ਵੀ ਭੇਟ ਕੀਤਾ ਗਿਆ।

ਲੇਖਕ ਪ੍ਰਿਤਪਾਲ ਸਿੰਘ ਟਿਵਾਣਾ ਵੱਲੋਂ ਪੇਂਡੂ ਸਾਹਿਤ ਸਭਾ ਦੇ ਸਮੂਹ ਮੈਂਬਰਾਂ ਤੇ ਅਹੁਦੇਦਾਰਾਂ ਦਾ ਇਸ ਸਨਮਾਨ ਸਮਾਰੋਹ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜੀਤ ਸਿੰਘ ਚਹਿਲ, ਜਨਰਲ ਸਕੱਤਰ ਸੁਖ-ਦਰਸ਼ਨ ਗਰਗ, ਸੀ।ਮੀ। ਪ੍ਰਧਾਨ ਮਾ।ਦਰਸ਼ਨ ਸਿੰਘ, ਮੀਤ ਪ੍ਰਧਾਨ ਇੰਦਰ ਸਿੰਘ, ਅਮਰੀਕਾ ਤੋਂ ਪਹੁੰਚੇ ਸੰਪਾਦਕ 'ਸ਼ਬਦ ਤ੍ਰਿੰਜਣ' ਅਤੇ ਵਿਅੰਗਕਾਰ ਮੰਗਤ ਕੁਲਜਿੰਦ, ਵਿੱਤ ਸਕੱਤਰ ਮਾ।ਜਗਨ ਨਾਥ, ਗੁਰਤੇਜ ਸਿੰਘ, ਹਰਿੰਦਰ ਹਨੀ, ਗੁਰਮੀਤ ਸ਼ਰਮਾਂ,ਦੇਵ ਰਾਜ ਗੋਇਲ, ਕੁਲਦੀਪ ਮਤਵਾਲਾ , ਸ਼ੀਮਤੀ ਗੀਤਾ ਗਰਗ, ਆਕਾਸ਼ਦੀਪ ਗਰਗ, ਗੁਰਮੇਲ ਸਿੰਘ ਮੇਲਾ, ਮੋਨਿਕਾ ਸ਼ਰਮਾਂ, ਨਸੀਬ ਸ਼ਰਮਾਂ, ਗੁਰਮੀਤ ਕੁਮਾਰ ਅਤੇ ਬੇਟੀ ਲਾਈਸ਼ਾ ਗਰਗ ਆਦਿ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਨੇ 15-18 ਉਮਰ ਵਰਗ 94 ਫੀਸਦੀ ਟੀਕਾਕਰਨ ਕਰਕੇ ਪੰਜਾਬ 'ਚ ਲਿਆ ਪਹਿਲਾ ਸਥਾਨ

ਨਵਾਂਸ਼ਹਿਰ, 16 ਫਰਵਰੀ - ਕੋਵਿਡ ਟੀਕਾਕਰਣ ਵਿੱਚ ਨਵੀਂ ਇਬਾਰਤ ਲਿਖਦੇ ਹੋਏ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ 15-18 ਸਾਲ ਉਮਰ ਵਰਗ ਵਿੱਚ 94 ਫੀਸਦੀ ਯੋਗ ਆਬਾਦੀ ਨੂੰ ਟੀਕੇ ਦੀ ਪਹਿਲੀ ਖੁਰਾਕ ਦੇ ਕੇ ਪੰਜਾਬ ਵਿੱਚ ਮੋਹਰੀ ਬਣ ਕੇ ਉੱਭਰਿਆ ਹੈ। ਜ਼ਿਲ੍ਹੇ ਵਿੱਚ 15-18 ਉਮਰ ਵਰਗ ਵਿੱਚ 22026 ਆਬਾਦੀ ਦੇ ਟੀਕਾਕਰਣ ਦਾ ਟੀਚਾ ਹੈ, ਜਿਸ ਵਿੱਚੋਂ 20704 ਨੂੰ ਕੋਵਿਡ-19 ਵੈਕਸੀਨ ਦੀ ਪਹਿਲੀ ਖੁਰਾਕ ਮਿਲ ਚੁੱਕੀ ਹੈ ਜੋ ਕਿ 94 ਫੀਸਦੀ ਬਣਦੀ ਹੈ।




ਸ਼ਹੀਦ ਭਗਤ ਸਿੰਘ ਨਗਰ ਤੋਂ ਬਾਅਦ ਫਾਜ਼ਿਲਕਾ ਜ਼ਿਲ੍ਹੇ ਦਾ ਨੰਬਰ ਆਉਂਦਾ ਹੈ, ਜਿਸ ਨੇ ਇਸੇ ਸ਼੍ਰੇਣੀ ਦੇ 74 ਫੀਸਦੀ ਯੋਗ ਉਮਰ ਵਰਗ ਦਾ ਕੋਵਿਡ ਟੀਕ-ਾਕਰਣ ਕੀਤਾ ਹੈ। ਇਸ ਸ਼੍ਰੇਣੀ ਵਿੱਚ ਰਾਸ਼ਟਰੀ ਔਸਤ 71 ਪ੍ਰਤੀਸ਼ਤ ਹੈ। ਇਸ ਪ੍ਰਾਪਤੀ ਲਈ ਸਮੂਹ ਏ।ਐਨ।ਐਮਜ਼, ਆਸ਼ਾ ਵਰਕਰਾਂ, ਸਿਹਤ ਵਿਭਾਗ ਦੇ ਸਮੂਹ ਕਰਮਚਾਰੀਆਂ, ਅਧਿਕ-ਾਰੀਆਂ ਨੂੰ ਵਧਾਈ ਦਿੰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰ-ੰਗਲ ਨੇ ਕਿਹਾ ਕਿ ਇਹ ਉਨ੍ਹਾਂ ਦੇ ਸਮਰਪਿਤ ਯਤਨਾਂ ਅਤੇ ਲਾਭਪਾਤਰੀਆਂ ਦੇ ਭਰਪੂਰ ਸਹਿਯੋਗ ਸਦਕਾ ਇਹ ਸੰਭਵ ਹੋਇਆ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀ ਪ੍ਰਾਪਤੀ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿੱਚ ਹੁਣ ਤੱਕ ਦੀ ਟੀਕਾਕਰਣ ਦੀ ਸਭ ਤੋਂ ਤੇਜ਼ ਰਫ਼ਤਾਰ ਹੈ ਜੋ ਮਹਾਂਮਾਰੀ ਨਾਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਵਿੱਚ ਮਦਦ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹ ਜੀਵਨ ਰੱਖਿਅਕ ਖੁਰਾਕਾਂ ਲੋਕਾਂ ਦੀ ਜਾਨ ਦੀ ਰਾਖੀ ਕਰਨ ਵਿੱਚ ਮਦ-ਦਗਾਰ ਸਾਬਿਤ ਹੋਣਗੀਆਂ। ਡਿਪਟੀ ਕਮਿਸ਼ਨਰ ਨੇ ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਇਸ ਕਾਰਜ ਵਿੱਚ ਲੋਕਾਂ ਦੇ ਸਹਿਯੋਗ ਦੀ ਮੰਗ ਕੀਤੀ, ਕਿਉਂਕਿ ਸਮੂਹਿਕ ਟੀਕਾਕਰਣ ਹੀ ਇਸ ਮਾਰੂ ਬਿਮਾਰੀ ਦਾ ਇੱਕੋ ਇੱਕ ਹੱਲ ਹੈ। ਉਨ੍ਹਾਂ ਸਾਰੇ ਯੋਗ ਵਿਅਕਤੀਆਂ ਦੇ ਟੀਕਾਕਰਣ ਲਈ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਵੀ ਦੁਹਰਾਇਆ।

ਇਹ ਵਰਣਨ ਯੋਗ ਹੈ ਕਿ ਸ਼ਹੀਦ ਭਗਤ ਸਿੰਘ ਨਗਰ ਇਸ ਤੋਂ ਪਹਿਲਾਂ, 18 ਸਾਲ ਤੋਂ ਵੱਧ ਦੀ ਯੋਗ ਆਬਾਦੀ ਲਈ ਪਹਿਲੀ ਅਤੇ ਦੂਜੀ ਖੁਰਾਕ ਵਿੱਚ ਕ੍ਰਮਵਾਰ 95 ਅਤੇ 81 ਪ੍ਰਤੀਸ਼ਤ ਟੀਕਾਕਰਨ ਦੇ ਟੀਚੇ ਨੂੰ ਪ੍ਰਾਪਤ ਕਰ ਚੁੱਕਾ ਹੈ। ਸ੍ਰੀ ਸਾਰੰਗਲ ਨੇ ਲੋਕਾਂ ਨੂੰ ਜੀਵਨ ਰੱਖਿਅਕ ਖੁਰਾਕ ਲੈਣ ਲਈ ਅੱਗੇ ਆਉਣ ਦਾ ਸੱਦਾ ਵੀ ਦਿੱਤਾ।

# ਗ਼ਜ਼ਲ

ਅਸੀਂ ਤਾਂ ਪੇਚਿਆਂ ਦੇ ਸ਼ੌਕ ਵਿਚ ਗੁੱਡੀਆਂ ਲੁਟਾ ਲਈਆਂ।
ਇਹ ਕਾਹਤੋਂ ਚੜਖੜੇ ਖ਼ੁਸ਼ ਨੇ ਜੇ ਕੁਝ ਡੋਰਾਂ ਬਚਾ ਲਈਆਂ।

ਸਮੁੰਦਰ ਵਿਚ ਉਤਰ ਕੇ ਵੀ ਤਿਹਾਏ ਹੀ ਰਹੇ ਉਹ ਤਾਂ,
ਅਸੀਂ ਤਾਂ ਬੁੱਕ ਵਿਚ ਹੀ ਸੈਂਕੜੇ ਨਦੀਆਂ ਉਠਾ ਲਈਆਂ।

ਤੁਹਾਡੇ ਪੇਤਲੇ ਰੰਗਾਂ ਦੀ ਸਾਜ਼ਿਸ਼ ਦਾ ਹੀ ਸਿੱਟਾ ਹੈ,
ਬਹੁਤ ਬੱਦਲ ਚੜ੍ਹੇ ਪਰ ਅਪਣੀਆਂ ਕਣੀਆਂ ਲੁਕਾ ਲਈਆਂ।

ਕਦੋਂ ਦਾ ਆਤਮਾ ਨੂੰ ਕੁਚਲਦਾ ਹੈ ਵਕਤ ਦਾ ਪਹੀਆ,
ਇਹ ਫਿਰ ਵੀ ਲਾਸ਼ ਖ਼ੁਸ਼ ਹੈ ਕਿੰਨੀਆਂ ਉਮਰਾਂ ਹੰਢਾ ਲਈਆਂ।

ਤੁਹਾਡੀ ਸ਼ਰਤ ਦੇ ਅਨੁਸਾਰ ਖ਼ੁਦ ਨੂੰ ਬਦਲਦੇ ਹੋਏ,
ਅਸੀਂ ਸ਼ੀਸ਼ੇ ਨੂੰ ਗੁੱਸੇ ਕਰ ਲਿਆ ਸ਼ਕਲਾਂ ਗੁਆ ਲਈਆਂ।

ਬਣਾ ਕੇ ਫੁੱਲ ਕਾਗ਼ਜ਼ ਦੇ ਵੀ ਦੋਸ਼ੀ ਹੀ ਗਿਣੇ ਜਾਈਏ,
ਸਗੋਂ ਇਲਜ਼ਾਮ ਸਿਰ ਲਗਦਾ ਹੈ ਮਹਿਕਾਂ ਵਰਗਲਾ ਲਈਆਂ।


ਦਾਦਰ ਪੰਡੋਰਵੀ
ਬਾਰਸੀਲੋਨਾ, ਸਪੇਨ।

# ਕਹਿ ਰਵਿਦਾਸ

## ਪਿਛਲੇ ਸਫ਼ੇ ਦਾ ਬਾਕੀ

ਪ੍ਰੀਖਿਆ ਨਾ ਦੇ ਸਕਾਂਗੇ। ਸ਼ਰਣ ਪੈ ਜਾਈਏ। ਕਿਰਪਾ ਹਿਤ ਜਾਚਨਾ ਕਰੀਏ ਕਿ ਮਨ ਸਹਿਤ ਸਤਿਸੰਗਤ ਵਿੱਚ ਬੈਠਣਾ ਆ ਜਾਵੇ ਅਤੇ ਨਾਮ-ਉਪਦੇਸ਼ 'ਪੁਰ ਚਲਦਿਆਂ ਜੀਵਨ ਬਿਤਾਈਏ। 'ਉਹ' ਚਿੱਤ ਅੰਦਰ ਪਰਗਟ ਰਹਵੇ। ਬੜੀਆਂ ਜੂਨਾਂ-ਜਨਮਾਂ ਤੋਂ ਉਸ ਤੋਂ ਦੂਰ ਹੋਏ ਘੁੰਮੇ ਹਾਂ। ਹੁਣ ਉਸ ਦੀ ਕਿਰਪਾ ਹਿਤ ਜੋਦੜੀ ਕਰੀਏ ਕਿ ਹੁਣ ਇਸ ਜਨਮ ਵਿੱਚ ਮਿਲ ਪਵੇ। ਅਗਾਂਹ ਫਿਰ ਉਸ ਦੀਰਘ-ਲਮੇਰੇ ਦੁੱਖਾਂ ਹੀ ਭਰੇ ਸਫ਼ਰ ਤੋਂ ਬਚ ਜਾਈਏ।

ਦਾਤਾ ਜੇਕਰ ਕਿਰਪਾ ਕਰਨ ਤੋਂ ਪਹਿਲਾਂ ਉਡੀਕ ਵਿੱਚ ਬਿਠਾ ਰੱਖੇ ਤਾਂ ਅੱਕ ਨਹੀਂ ਜਾਣਾ। ਆਸ ਲਾ ਕੇ, ਪੱਕੇ ਭਰੋਸੇ ਨਾ.ਲ ਕਿ ਕਿਰਪਾ ਅਵੱਸ਼ ਕਰੇਗਾ - ਉਸ ਦੇ ਬੂਹੇ 'ਤੇ ਬੈਠੇ ਰਹਿਣਾ ਹੈ। ਉਸ ਜਿਹਾ ਦਇਆਲ ਭੀ ਹੋਰ ਕੌਣ ਹੈ!
ਉਸ ਦਾਤੇ ਨੂੰ ਕੇਵਲ ਜੀਹਵਾ ਨਹੀਂ, ਸਾਰੀ ਦੇਹ ਧਿਆਵੇ। ਚਿੱਤ, ਨੈਨ, ਕੰਨ, ਹੱਥ, ਪੈਰ, ਸੁਰਤਿ, ਹਿਰਦਾ; ਸਾਰਾ ਸਰੀਰ। ਰੱਬ ਦਾ ਪ੍ਰੇਮ ਕੋਈ ਸਸਤਾ ਸੌਦਾ ਨਹੀਂ; ਇਹ ਸਿਰ ਮੰਗਦਾ ਹੈ। ਇਹ ਮਹਿੰਗੇ ਮੁੱਲ ਦਾ ਸੌਦਾ ਹੈ। ਮੁਫ਼ਤ ਤਾਂ ਨਹੀਂ ਮਿਲ ਸਕਦਾ, ਜਿਸ ਭਾਅ ਅਸੀਂ ਸੰਸਾਰੀ ਲੋਕ -ਜਿਹੜੇ ਜੀਵਨ ਅੰਦਰ ਮੁਫ਼ਤਖੋਰੇ ਸੁਭਾਵ ਵਾਲੇ ਹੀ ਹਾਂ, ਲੋੜਦੇ ਹਾਂ। ਪ੍ਰਭੂ ਨੂੰ ਯਾਦ ਕਰਨ ਵਾਲਿਆਂ ਦੀ ਸੁਹਬਤ ਵਿਚ ਬਹੀਏ ਤਾਂ ਜੁ ਅਸਾਨੂੰ ਭੀ ਕੁਛ ਰੰਗ ਲੱਗ ਜਾਵੇ; ਮਨ ਪ੍ਰਭੂ-ਮਾਰਗ 'ਤੇ ਤੁਰਨ ਨੂੰ ਉਤਸੁਕ ਹੋਵੇ। ਜੇ ਨਾ ਬੈਠੇ ਤਾਂ ਅਸਲੋਂ ਤੁਰਿਆ ਨਹੀਂ ਜਾਣਾ। ਪ੍ਰੇਮ ਜ਼ਰੂਰੀ ਹੈ ਇਸ ਮਾਰਗ 'ਤੇ ਅੱਗੇ ਵਧਦੇ ਜਾਣ ਲਈ। ਜੋ ਪ੍ਰਭੂ ਦੇ ਪਿਆਰੇ ਹਨ, ਜਿਤਨਾ ਹੋ ਸਕੇ ਉਨ੍ਹਾਂ ਦਾ ਵਧੀਕ ਤੋਂ ਵਧੀਕ ਸਤਿਕਾਰ ਕਰੀਏ। ਪ੍ਰਭੂ ਦਾ ਨਾਮ ਸੱਚੇ ਹਿਰਦੇ ਤੋਂ ਜੱਪਿਆ ਜਾਵੇ, ਸਭ ਪੂਜਾਂ ਸਮਝੋ ਹੋ ਗਈਆਂ। ਮਨ ਮਾਇਆ ਵਿੱਚ ਰਤ ਜਾਵੇ ਤਾਂ ਪਰਮਾਰਥ ਦੀ ਸੋਝੀ ਨਹੀਂ ਰਹਿੰਦੀ। ਮਾਇਆ ਦੇ ਹੱਥੀਂ ਚੜ੍ਹਿਆਂ ਫਿਰ ਲੱਖਾਂ ਖ਼ੁਆਰੀਆਂ ਹਨ। ਦੁੱਖ ਹੀ ਦੁੱਖ ਹਨ, ਪੀੜਾ ਹੀ ਪੀੜਾ ਕੇਵਲ ਹੈ। ਅਨੇਕਾਂ ਜੂਨਾਂ ਵਿੱਚ ਫਿਰਦਿਆਂ ਬਿਤਾਏ ਪਲ-ਪਲ ਵਿੱਚ ਪਰਮੇਸ਼ੁਰ ਜੀ ਤੋਂ ਅਸੀਂ ਦੂਰ ਹੀ ਦੂਰ ਹੋਏ ਹਾਂ। ਸੋਚੋ! ਕਿੰਨੇ ਦੂਰ ਹੋ ਗਏ ਹੋਵਾਂਗੇ! ਤੇ ਏਨੇ ਦੂਰ ਹੋ ਗਇਆਂ ਨੂੰ ਉਸ ਨਾ.ਲ ਮਿਲਣ ਦੀ ਵਾਰੀ ਕੇਵਲ ਇਹ ਇੱਕੋ ਹੀ ਹੈ। ਇਹ ਮਨੁੱਖਾ ਦੇਹੀ! ਇਸ ਵਿਚਲੇ ਪਲ-ਪਲ ਤਾਂ ਉਸ ਤੋਂ ਦੂਰ ਦੂਰ ਨਾ ਹੁਣ ਜਾਈਏ। ਉਸ ਵਲ ਤੁਰਨ ਦੀ, ਉਸ ਦੇ ਨੇੜੇ ਹੋਣ ਦੀ ਕੋਸ਼ਿਸ਼ ਕਰੀਏ!

ਮਨੁੱਖਾ ਜੂਨ ਬਿਨਾ ਹੋਰ ਜੂਨ 'ਚ ਆਉਣਾ ਇਵੇਂ ਹੈ ਜਿਵੇਂ ਕਿਸੇ ਨੂੰ ਬੰਨ੍ਹ ਕੇ ਕਸ਼ਟ ਦਿੱਤਾ ਜਾਵੇ। ਉਹ ਦੇਹ (ਜੂਨ) ਬੰਧਨ ਰੂਪ ਹੈ ਤੇ ਉਸ ਬੰਧਨ ਤੋਂ ਛੁੱਟ ਪਾਉਣਾ, ਬੱਝ ਗਈ ਰੂਹ ਲਈ, ਫੇਰ ਸੰਭਵ ਨਹੀਂ। ਬੱਝ ਗਈ ਰੂਹ ਨੂੰ ਮਾਰ ਖਾਣੀ (ਕਸ਼ਟ ਸਹਿਣਾ) ਹੀ ਪੈਣੀ ਹੈ। ਪਰ ਇਸ ਗੇੜ ਤੋਂ ਛੁੱਟ ਸਕਣਾ ਬੁੱਧੀ ਅਥਵਾ ਬਲ ਦਾ ਵਿਸ਼ਾ ਨਹੀਂ; ਪ੍ਰਭੂ ਸ਼ਰਨ ਲੈਣਾ ਹੀ ਉੱਤਮ ਜ਼ਰੀਆ ਹੈ।

ਜੋ ਪ੍ਰਭੂ ਦਾ ਰੂਪ ਹੋ ਗਏ; ਉਸ ਦੀ ਥਾਹ ਪਾ ਗਏ। ਇਹ ਪਰਮ-ਪਦ, ਪਰਮ-ਸੁੱਖ ਹਉਮੈ ਤੋਂ ਮੁਕਤ ਹੋਇਆਂ ਪ੍ਰਾਪਤ ਹੁੰਦਾ ਹੈ। ਪ੍ਰਭੂ-ਭਗਤੀ ਨਿਰ-ੰਤਰਤਾ. ਲਗਾਤਾਰਤਾ ਦਾ ਵਿਸ਼ਾ ਹੈ। ਪਰਮੇਸ਼ੁਰ ਦੀ ਭਗਤੀ ਤੋਂ ਵਿਹੂਣਾ ਜੀਵ ਏਥੇ ਤੇ ਅਗਾਂਹ ਵੀ ਕਸ਼ਟ ਹੀ ਸਹਿੰਦਾ ਹੈ। ਉਸ ਪ੍ਰਭੂ ਦੇ ਅਸੀਂ ਖ਼ੁਦ ਨਾ ਨੇੜੇ ਹੋ ਸਕਦੇ ਹਾਂ ਤੇ ਨਾ ਹੀ ਆਪਣੇ-ਆਪ ਉਸ ਤੋਂ ਦੂਰ। ਸ਼ਰਨ ਲਈਏ, ਬਾਕੀ ਉਸ ਦੀ ਰਜ਼ਾ। ਸਾਨੂੰ ਆਪਣੀਆਂ ਕਮਜ਼ੋਰੀਆਂ ਨੂੰ ਲੱਭ ਕੇ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

ਸੰਸਾਰ ਦੇ ਕਾਰ-ਵਿਹਾਰ ਨੂੰ ਹੀ ਨਾ ਸਭ ਕੁਝ ਸਮਝ ਬੈਠੀਏ। ਏਥੇ ਸੰਸਾਰ ਵਿੱਚ ਆਉਣ ਦਾ ਮਨੋਰਥ ਜੀਵ ਦਾ ਹੋਰ ਈ ਹੈ। ਅਜੇ ਭੀ ਮੌਕਾ ਹੈ ਉਕਰਿ ਬੰਦਗੀ''। ਸਮਾਂ ਸਾਂਭ ਲੈ। ਆਪਣਾ ਰਾਹ ਸੁਆਰ ਲੈ। ਨਹੀਂ ਤਾਂ ਇਹ ਪੰਥ ਦੁਹੇਲਾ ਬਣ ਆਵੇਗਾ ਤੇ ਅਤਿ ਦੁੱਖ ਸਹਿਣੇ ਪੈਣਗੇ। ਅੰਤ ਵੇ.ਲੇ ਫੇਰ ਕੁਝ ਨਹੀਂ ਸੁੱਝਣਾ। ਤੇਰੀ 'ਮੈਂ-ਮੇਰੀ' ਦੀ ਵਜ੍ਹਾ ਇਸ ਸੰਸਾਰ ਨੂੰ ਸਦਾ ਸਤਿ ਸਮਝਣਾ ਹੈ, ਜੋ ਤੇਰੀ ਬੇ-ਪਰਵਾਹੀ ਹੈ। ਜਿਨ੍ਹਾਂ ਨੂੰ ਜੀਵਨ ਦਾ ਮਨੋਰਥ ਜਾਣ ਜ਼ਿੰਦਗੀ ਭਰ ਜੂਝਦਾ ਰਿਹਾ, ਘੜੀ ਭੀ ਓਥੇ ਤੈਨੂੰ ਮਗਰੋਂ ਕਿਨ੍ਹੇ ਰਹਿਣ ਨਹੀਂ ਦੇਣਾ।

ਜੋ ਕੁਝ ਵੀ ਪ੍ਰਾਪਤੀ ਹੋਣੀ ਹੈ, ਪ੍ਰਭੂ ਕਿਰਪਾ ਸਦਕਾ ਹੀ। ਫਿਰ ਮਾਣ ਨਾ ਹੋਵੇ। ਫਿਰ ਮਾਣ ਹੋਵੇ ਵੀ ਕੇਹਾ! ਬਖ਼ਸ਼ਿਸ਼ ਤਾਂ ਓਸੇ ਦੀ ਹੀ ਹੈ ਨਾ! ਉਸ ਦੀ ਸ਼ਰਨ ਸੱਚੇ ਹਿਰਦੇ ਚਲੇ ਜਾਵੀਏ ਤਾਂ ਸਿਰ ਦੇ ਬੋਝਾਂ ਤੋਂ ਸੁਰਖ਼ਰੂ ਹੋ ਜਾਵੀਦਾ ਹੈ।

ਪਰਮੇਸ਼ੁਰ ਦੇ ਪ੍ਰੇਮ ਵਿੱਚ ਕੁਲ-ਧਰਮ ਦੇ ਬੰਧੇਜ ਨਹੀਂ। ਕੋਈ ਭੀ ਉਸ ਨੂੰ ਚਾਹ ਸਕਦਾ ਹੈ। ਜੋ ਚਾਹ ਸਕਦਾ, ਉਹ ਪਾ ਸਕਦਾ ਹੈ। ਫੇਰ ਉਸ ਦੇ ਜ਼ਾਤ-ਕੁਲ ਨੂੰ ਕੋਈ ਨਹੀਂ ਚਿਤਵਦਾ। ਪਹਿਲਾਂ ਆਪ ਜੁ ਤਰੇ, ਉਹੀ ਹੋਰਨਾਂ ਨੂੰ ਤਾਰਨ ਦੇ ਸਮਰੱਥ ਹੋ ਪਾਉਂਦਾ। ਮਹੱਤਵ ਸੰਸਾਰ ਵਿੱਚ ਤੇ ਦਰਗਾਹ ਵਿੱਚ ਨਾਮ-ਧਨ ਦਾ, ਬਾਹਰਲੇ ਧਨ ਦਾ ਨਹੀਂ। ਪਰਮੇਸ਼ੁਰ ਦੇ ਪਿਆਰੇ ਰਹਿੰਦੇ ਜਗਤ ਵਿੱਚ ਈ ਨੇ; ਸਗੋਂ ਉਹ ਤਾਂ ਜਿੱਥੇ ਵਸਣ -ਉਹ ਨਗਰ, ਉਹ ਥਾਨ, ਤਿਨ੍ਹਾਂ ਦਾ ਕੁਟੰਬ, ਆਸ-ਪਾਸ ਤੇ ਉਨ੍ਹਾਂ ਪਾਸ ਆਣ ਵਾਲੇ ਜੀਵ ਭੀ ਉੱਤਮ ਹੋ ਜਾਂਦੇ ਹਨ - ਮਗਰ ਜਗਤ ਤੋਂ ਨਿਰਲੇਪ ਵਿਚਰਦੇ ਹਨ। ਵਿਸ਼ਿਆਂ ਦੀ ਲਾਗ ਉਨ੍ਹਾਂ ਨੂੰ ਨਹੀਂ ਲਗਦੀ ਜਾਂ ਆਖੋ ਉਹ ਇਹ ਲਾਗ ਖ਼ੁਦ ਨੂੰ ਲੱਗਣ ਹੀ ਨਹੀਂ ਦੇਂਦੇ। ਜਨਮੇ ਜਗ ਵਿੱਚ ਕੇਵਲ ਉਹੀ ਨੇ ਜੋ ਰਹਿੰਦਿਆਂ ਜਗਤ ਵਿੱਚ ਇਸ ਤੋਂ ਨਿਰਲੇਪ ਰਹਿੰਦੇ ਹਨ। ਜੋ ਆ ਕਰਕੇ ਏਸ ਦਲਦਲ ਵਿੱਚ ਹੀ ਧਸ ਗਏ, ਉਹ ਤਾਂ ਜੇਹੇ ਆਏ ਜੇਹੇ ਨਾ ਆਏ। ਕਿਉਂਜੋ ਅਜਿਹੇ ਵਿੱਚ ਉਨ੍ਹਾਂ ਦੀ ਏਥੇ ਬਚਣ ਦੀ ਸੰਭਾਵਨਾ ਕੋਈ ਨਹੀਂ।ਸਤਿਗੁਰੂ ਦਾ ਪਾਵਨ ਉਪਦੇਸ਼ ਸਭ ਜਗਤ ਦੇ ਭਲੇ ਹਿਤ ਸਾਂਝਾ ਹੈ। ਸਤਿਗੁਰੂ ਜੀਵ ਦਾ ਇਸ ਦੇ ਮਾਤਾ-ਪਿਤਾ ਤੋਂ ਵੀ ਵੱਧ ਹਿਤੂ ਹੈ। ਤਦੇ ਉਸ ਇੱਕੋ ਹਸਤੀ ਨੂੰ ਪ੍ਰੇਮ-ਅਪਣੱਤ ਪੂਰਵਕ 'ਪਿਤਾ ਤੇ ਮਾਤਾ' ਸਮੁੱਚ ਵਿੱਚ ਆਖ ਦਿੱਤਾ ਗਿਆ ਹੈ। ਸੇਵਕ ਉਹੀ ਹੈ ਜੋ ਜਿਉਂਦਿਆਂ ਤੇ ਮਰਨ ਵੇ.ਲੇ ਓਸੇ ਵਿੱਚ ਖ਼ਿਆਲ ਰੱਖਦਾ ਹੈ। ਉਸ ਪ੍ਰਭੂ ਨੂੰ ਆਪਣੇ ਪ੍ਰਾਣਾਂ ਵਾਂਗ ਪਿਆਰ ਕਰਨਾ ਚਾਹੀਦਾ ਹੈ। ਉਸਨੂੰ ਜਪ ਕੇ ਉਸ ਦੇ ਹੀ ਹੋ ਜਾਈਦਾ ਹੈ। ਸੇਵਾ ਓਸੇ ਤੋਂ ਹਰੀ ਦੀ ਹੋ ਸਕੀਂਦੀ ਹੈ ਜੋ ਜੀਵਨ ਤੇ ਜਗਤ ਦੇ ਝਮੇਲਿਆਂ ਤੋਂ ਉਪਰਾਮ ਰਹਵੇ। ਕੋ.ਲ ਭਾਵੇਂ ਕੁਝ ਭੀ ਨਾ ਹੋਵੇ ਪਰ ਜਿਸ ਦੇ ਵੱਲ ਰੱਬ ਹੋਵੇ, ਸਾਰਾ ਜਗਤ ਭੀ ਵੈਰੀ ਭਾਵੇਂ ਕਿਉਂ ਨਾ ਹੋਵੇ -ਉਸਦਾ ਕੁਝ ਨਹੀਂ ਜੇ ਵਿਗਾੜ ਸਕਦਾ। ਜਦ ਪਰਮੇਸ਼ੁਰ ਦੀ ਕ੍ਰਿਪਾ ਥੀਂ ਜੀਵਨ ਵਿੱਚ ਉਸ ਦੇ ਨਾਮ ਦਾ ਚਨੈਣ ਹੋ ਜਾਂਦਾ ਤਾਂ ਸਭ ਹੀ ਕੁਝ ਸਾਫ਼ ਦਿਖਾਈ ਪੈਂਦਾ। ਫੇਰ ਕੁਰਾਹੇ ਕੋਈ ਕਿਉਂ ਪਵੇ! ਸ਼ੁੱਧ ਹਿਰਦੇ ਨਾਲ ਉਸ ਨੂੰ ਜਪਣਾ ਹੀ ਉਸ ਦੀ ਸੇਵਾ ਕਰਨਾ ਹੈ।
ਸਾਧੂਆਂ ਦੀ ਨਿੰਦਿਆ ਕਰਨ ਵਾਲਿਆਂ ਕੋ.ਲ ਕੋਈ ਰਾਹ ਨਹੀਂ ਹੁੰਦਾ ਜਿਸ ਰਾਹੀਂ ਉਹ ਪਾਰ ਹੋ ਸਕਣ ਅਤੇ ਸਾਧੂਆਂ ਦੀ ਓਟ ਲੈਣ ਵਾ.ਲਿਆਂ ਲਈ ਜਨਮ-ਮਰਨ ਦਾ ਗੇੜ ਨਹੀਂ ਰਹਿੰਦਾ। ਨਿੰਦਾ ਤਿਆਗ ਕੇ ਹਰਿਜਸ ਕਰੋ। ਇਸ ਜੀਹਵਾ ਨਾਲ ਉਸ ਦਾ ਅੰਮ੍ਰਿਤ-ਨਾਮ ਜਪੋ। ਸਾਧੂਆਂ ਦੀ ਨਿੰਦਿਆ ਕਰਨ ਵਾਲਾ ਪਾਪੀ ਹੈ। ਸੰਤਾਂ ਦੀ ਸੰਗਤ ਪ੍ਰਭੂ ਜੀਓ ਬਖ਼ਸ਼ਿਓ, ਪਾਪੀਆਂ ਦੀ ਨਹੀਂ।

ਪੜ੍ਹਨਾ, ਵਿਚਾਰਨਾ, ਸੁਣਨਾ ਸਾਰਥਕ ਹੈ ਜੇਕਰ ਹਿਰਦੇ ਅੰਦਰ ਪ੍ਰਭੂ ਪ੍ਰਤਿ ਪ੍ਰੇਮ ਹੋਵੇ। ਹੰਕਾਰ ਰੂਪੀ ਪਰਦਾ ਜਾਂ ਕੰਧ ਆਖ ਲਵੋ ਤੇ ਦੂਜੇ ਵਿਸ਼ੇ, ਪ੍ਰਭੂ ਨਾਲ ਇਸ ਜੀਵ ਦੀ ਇਕਮਿਕਤਾ ਹੋ ਜਾਣ ਵਿਚ ਵੱਡੀ ਅੜਚਨ ਹਨ। ਇਹ ਦੀਵਾਰ ਸਦਾ ਬਣੀ ਰਹਿੰਦੀ ਹੈ ਤੇ ਜੀਵ ਪਰਮ-ਰਸ, ਪਰਮ-ਜੀਵਨ ਤੋਂ ਵਿਹੂਣਾ ਹੀ ਜਹਾਨ ਤੋਂ ਤੁਰ ਜਾਂਦਾ ਹੈ। ਇਹ ਹਾਲਤ ਸਭ ਜੀਵਾਂ ਦੀ ਹੀ ਹੈ। ਵਿਕਾਰ ਇਸ ਨੂੰ ਸ਼ੁਦਾਅ ਕਰ ਰੱਖਦੇ ਹਨ। ਅੰਮ੍ਰਿਤ-ਰਸ ਦੀ ਤਾਂ ਇੱਕ ਬੂੰਦ ਤੋਂ ਵੀ ਇਹ ਵਿਰਵੇ ਹੀ ਤੁਰ ਜਾਂਦੇ ਹਨ। ਇਹ ਝੱਲ ਇਨ੍ਹਾਂ ਨੂੰ ਛੱਡੇ ਤਾਂ ਚਿੰਤਨ ਕਰਨ ਤੇ ਪਰਮ-ਜੀਵਨ ਵਿੱਚ ਆਵਣ ਹਿਤ ਕੋਈ ਆਹਰ ਕਰਨ। ਪਰਮੇਸ਼ੁਰ ਜੀ ਦੀ ਕਿਰਪਾ ਥੀਂ ਜੀਵ ਨੂੰ ਉਹ ਭੀ ਹਾਸਲ ਹੋ ਜਾਂਦਾ ਹੈ ਜਿਸ ਦੀ ਕਲਪਨਾ ਭੀ ਕਦੇ ਉਹ ਨਹੀਂ ਕਰ ਸਕਦਾ। ਪਰਮੇਸ਼ੁਰ ਕੁਝ ਵੀ ਹੋਰ ਨਹੀਂ ਤੱਕਦਾ ਬਖ਼ਸ਼ਿਸ਼ ਕਰਨ ਵੇ.ਲੇ। ਪਰਮੇਸ਼ੁਰ ਜੀ ਦਾ ਪਵਿਤ੍ਰ ਨਾਮ ਪੜ੍ਹਨ ਲਿਖਣ (ਅੱਖਰਾਂ ਥੀਂ) ਨਿਆਰਾ ਹੈ, ਸੁਤੰਤਰ ਹੈ। ਕੇਵਲ ਅੱਖਰਾਂ 'ਤੇ ਹੀ ਨਿਰਭਰ ਹੋ ਜਾਣ ਨਾਲ, ਇਨ੍ਹਾਂ ਨੂੰ ਹੀ ਸਭ ਜਾਣ ਲੈਣ ਨਾਲ ਉਸ ਨਿਰਮਲ ਨਾਮ ਨੂੰ ਜਾਣਿਆਂ ਜਾ ਪਾਇਆ ਨਹੀਂ ਜਾ ਸਕਦਾ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਇਹ ਪ੍ਰਬਲ ਚਾਹਨਾ ਹੈ ਕਿ ਇਹ ਜੀਵ ਸਭ ਸੰਸਿਆਂ ਤੇ ਭਰਮਾਂ-ਜੰਜਾਲਾਂ ਤੋਂ ਛੁੱਟ ਕੇ ਕੇਵਲ ਨਾਮ ਵਿੱਚ ਜੁੜ ਜਾਵੇ, ਲੀਨ ਹੋ ਜਾਵੇ। ਅੱਖਰਾਂ ਦਾ ਪਠਨ-ਪਾਠਨ ਜਨਮ-ਮਰਨ ਦਾ ਭੈਅ ਦੂਰ ਨਹੀਂ ਕਰ ਸਕਦਾ। ਤੇ ਜਿਸ ਜਨਮ-ਮਰਨ ਦਾ ਸਭ ਤੋਂ ਵੱਡਾ ਭੈਅ ਹੀ ਜਾਂਦਾ ਰਿਹਾ, ਉਸ ਅੰਦਰ ਸੰਸਾਰ ਦਾ ਕੋਈ ਛੋਟਾ-ਵੱਡਾ ਭੈਅ ਰਹਿ ਸਕੇਗਾ? ਅਤੇ ਜੇਕਰ ਭੈਅ ਨਾ ਰਹਿ ਗਿਆ ਤਾਂ ਚਿੰਤਾ ਨੂੰ ਥਾਂ ਕਿੱਥੋਂ ਮਿਲ ਪਾਵੇਗੀ? ਇਹ ਅਨੁਪਮ ਆਨੰਦ ਸਦਾ-ਸਦੀਵੀ ਹੈ।
ਮਹਾਨਤਾ ਮਨੁੱਖ ਦੀ ਕਰਨੀ ਦੀ ਹੈ, ਜ਼ਾਤ ਦੀ ਨਹੀਂ। ਤੇ ਕਰਨੀ ਉੱਤਮ ਕਿਹੜੀ ਹੈ? ਪਰਮਾਤਮਾ ਦਾ ਸਿਮਰਨ। ਸਮਾਜ ਵਿੱਚ ਜ਼ਾਤ ਉੱਚੀ ਹੈ ਪਰ ਪੱਲੇ ਸਿਮਰਨ ਨਹੀਂ ਤਾਂ ਕੌਡੀ ਮੁੱਲ ਨਹੀਂ। ਪੱਲੇ ਸਿਮਰਨ ਹੈ ਜ਼ਾਤ ਭਾਵੇਂ ਕੁਝ ਭੀ ਨਹੀਂ; ਜੀਵ ਲੱਖਾਂ ਵਿੱਚ ਤੁਲਦਾ ਹੈ। ਸੰਸਾਰ ਨੇ ਇਹ ਅਨੋਖਾ ਅਸਚਰਜ ਸਦਾ ਤੱਕਿਆ ਹੈ। ਲੋਕ ਤਾਂ ਚਾਹੇ ਜੋ ਵਿਚਾਰ ਕਰਨ ਪਰ ਪਰਮੇਸ਼ੁਰ ਸਭ ਕਾਸੇ ਤੋਂ ਉੱਪਰ ਰਹਿੰਦਿਆਂ ਆਪਣੇ ਪਿਆਰਿਆਂ ਦੇ ਮੱਥੇ 'ਪੁਰ ਛਤ੍ਰ ਧਰਦਾ ਹੈ। ਲੋਕਾਂ ਦੇ ਵੱਸੋਂ ਇਹ ਬਾਹਰ ਦੀ ਗੱਲ ਹੈ ਕਿਉਂਜੋ ਇਨ੍ਹਾਂ ਬੜਾ ਕੁਝ ਸੋਚਣਾ-ਵਿਚਾਰਨਾ ਹੁੰਦਾ ਹੈ। ਕਈ ਲਾਭ-ਹਾਨੀਆਂ, ਕਈ ਡਰ ਇਨ੍ਹਾਂ ਦੇ ਰਾਹ ਵਿੱਚ ਖਲੋਤੇ, ਇਨ੍ਹਾਂ ਨੂੰ ਦਿਖਾਈ ਪੈਂਦੇ ਰਹਿੰਦੇ ਹਨ। ਪਰ ਜਦੋਂ ਪਰਮੇਸ਼ੁਰ ਕਰਦਾ ਹੈ ਤਾਂ ਫਿਰ ਜਗਤ ਨੂੰ ਉਸ ਦੇ ਹੁਕਮ ਅਨੁਸਾਰ ਚੱਲਣਾ ਹੀ ਪੈਂਦਾ ਹੈ। ਬਜਾਇ ਇਸ ਦੇ ਕਿ ਹੋ ਗਏ ਕਰਮਾਂ ਨੂੰ ਚਿਤਵਦੇ ਰਹਿ ਕੇ ਪਰਮਾਰਥ ਦੇ ਰਾਹ ਤੁਰਨ ਤੋਂ ਖ਼ੁਦ ਨੂੰ ਅਸਮਰੱਥ ਜਾਣਦਿਆਂ ਬੈਠੇ ਰਹੀਏ, ਤੁਰਨ ਦਾ ਯਤਨ ਕਰਨਾ ਚਾਹੀਦਾ ਹੈ। ਪਰਮੇਸ਼ੁਰ ਵੱਡੇ ਤੋਂ ਵੱਡੇ ਪਾਪੀਆਂ ਨੂੰ ਵੀ ਅਪਣਾਅ ਲੈਂਦਾ ਹੈ। ਮਾਤਾ-ਪਿਤਾ ਜੁ ਉਹ ਹੈ! ਅਸਾਂ ਪ੍ਰੀਤ ਉਸ ਨਾ.ਲ ਜੋੜਨੀ ਹੈ ਜੁ ਸਦੀਵ ਸੱਚ ਹੈ। ਜਿਸ ਦੀਆਂ ਸਾਰੀਆਂ ਇੱਛਾਵਾਂ ਮੁੱਕ ਗਈਆਂ ਉਸ ਨੂੰ ਨਾਮ ਵਿੱਚ ਜੁੜੇ ਨੂੰ ਪਰਮ-ਰਸ, ਪਰਮ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਉਸ ਦਾ ਬੇੜਾ ਪਾਪ ਹੀ ਪਾਰ -ਪੱਕਾ ਹੈ। ਮਨ ਦਾ ਨਾਮ ਨਾਲ ਜੁੜ ਜਾਣਾ ਲੋਹੇ ਦਾ ਪਾਰਸ ਨੂੰ ਛੂਹਣ ਵੱਤ ਹੈ। ਉਹ ਸੋਨਾ ਹੋਏਗਾ ਹੀ ਹੋਏਗਾ। ਕੋਈ ਸੰਸਾ ਨਹੀਂ। ਮਨ ਦੇ ਅਨੁਕੂਲ ਚੱਲਣ ਨਾਲ ਹੀ ਜੀਵਨ ਵਿੱਚ ਭੈਅ, ਚਿੰਤਾ ਉਪਜਦੇ ਹਨ। ਨਾਮ ਸਿਮਰਿਆਂ ਮਨ 'ਤੇ ਕਾਬੂ ਬਣ ਪੈਂਦਾ ਹੈ ਤੇ ਜੀਵਨ ਵਿੱਚ ਹਰ ਪ੍ਰਕਾਰ ਦੇ ਡਰ ਫ਼ਿਕਰ ਲਾਂਭੇ ਹੋ ਜਾਂਦੇ ਹਨ। ਗਿਆਨ ਦੀ ਪ੍ਰਾਪਤੀ ਹਿਤ ਹੀ ਕਰਮ ਅਭਿਆਸ ਲੋੜੀਂਦਾ ਹੈ ਪਰ ਕੇਵਲ ਇਸੇ ਵਿੱਚ ਹੀ ਬੈਠਿਆਂ ਜੀਵਨ ਬਿਤਾ ਦੇਣਾ ਭਲਾ ਨਹੀਂ। ਪਰਮ ਅਵਸਥਾ ਜੁ ਹੈ ਸੁ ਕਰਮਾਂ-ਕਿਰਤ ਦੇ ਬੰਧਨ ਤੋਂ ਸੁਤੰਤਰ ਹੈ। ਕਰਮ ਤਾਂ ਤਦ ਭੀ ਕਰਦਾ ਦਿਖਾਈ ਪੈਂਦਾ ਹੈ ਬਾਹਰੋਂ, ਪਰ ਤਦ ਕਰਮਾਂ ਦੀ ਲਾਗ ਮਨ ਨੂੰ ਨਹੀਂ ਹੋਂਦੀ। ਕਰਮ ਕਰਨ ਲਈ ਹੀ ਕੇਵਲ ਕਰਮ ਕਰਦਾ ਹੈ। ਖੇਡ ਨੂੰ ਸਮਝ ਕੇ, ਖਿਡਾਵੇ ਨੂੰ ਜਾਣਦਿਆਂ, ਖੇਡ ਦਾ ਕੇਵਲ ਇੱਕ ਹਿਸਾ ਹੋ ਵਿਚਰਦਾ ਹੈ। ਜਿੰਨਾ ਕੁ ਖੇਡ ਵਿੱਚ ਇਸਦਾ ਬਣਦਾ ਹਿਸਾ ਹੁੰਦਾ ਹੈ, ਉਹ ਨਿਭਾਉਂਦਾ ਹੈ। ਮੁਕਤੀ ਜਿਉਂਦਿਆਂ ਨੂੰ ਮਿਲਣ ਵਾਲਾ ਪਦਾਰਥ ਹੈ। ਇਸ ਨੂੰ ਸੰਸਾਰ ਭੀ ਤਦ ਤੱਕਦਾ ਹੈ। ਹੰਕਾਰ ਕਾਰਨ ਮੱਤੇ ਹੋਏ ਜੀਵ ਨੂੰ ਇਹ ਭੀ ਯਾਦ ਨਹੀਂ ਰਹਿੰਦਾ ਕਿ ਮੌਤ ਮੇਰੇ ਹਰ ਵੇ.ਲੇ ਸਿਰ 'ਤੇ ਹੈ। ਆਤਮ-ਚਿੰਤਨ ਜੀਵ ਲਈ ਅਤਿ ਲੋੜੀਂਦਾ ਹੈ। ਇਹ ਆਪਣੀਆਂ ਕਮੀਆਂ ਨੂੰ ਜਾਣੇ, ਸਮਝੇ ਤੇ ਉਨ੍ਹਾਂ ਨੂੰ ਦੂਰ ਕਰਨ ਦਾ ਨਿਤ ਯਤਨ ਕਰਦਾ ਰਹੇ। ਹਉਮੈ ਵਾਲਿਆਂ ਨੂੰ ਜਮ ਬੜਾ ਖ਼ੁਆਰ ਕਰਦਾ ਹੈ। ਉਨ੍ਹਾਂ ਨੂੰ ਲੇਖਾ ਪੁੱਛਿਆ ਜਾਂਦਾ ਹੈ ਕਿਉਂਜੋ ਅਸਲ ਕਰਤੇ ਨੂੰ ਛੱਡ ਕੇ ਸਭ ਤੋਂ ਵੱਡਾ ਕਰਤਾ ਆਪ ਜੁ ਉਹ ਬਣੇ ਰਹੇ ਸਨ। ਇਹ ਜੁ ਦੁੱਖ ਸਾਨੂੰ ਆਉਂਦਾ ਹੈ, ਸਾਡੇ ਹੀ ਕੀਤੇ ਮੰਦ-ਕਰਮਾਂ ਦਾ ਪ੍ਰਤਿਫ.ਲ ਹੈ। ਪਰਮੇਸ਼ੁਰ ਵਲੋਂ ਕੁਝ ਨਹੀਂ। ਹੋ ਗਏ ਪਾਪਾਂ ਦੇ ਫ.ਲ ਤੋਂ ਛੁਟਕਾਰੇ ਹਿਤ ਪਰਮੇਸ਼ੁਰ ਜੀ ਦੇ ਸਾਧੂਆਂ ਦੀ ਸੱਚੇ ਹਿਰਦੇ ਤੋਂ ਓਟ ਤੱਕ; ਸਾਰੇ ਮੁੱਕ ਜਾਣਗੇ। ਸਾਧੂਆਂ ਦੀ ਸ਼ਰਨ ਵਿੱਚੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਪਾਪਾਂ-ਰੂਪੀ ਕਾਠ ਲਈ ਅਗਨੀ ਵੱਤ ਹੈ। ਐਸਾ ਜੀਵ ਤਦ ਏਸੇ ਜਨਮ ਵਿੱਚ ਮੁਕਤ ਹੋ ਜਾਂਦਾ ਹੈ।
ਹਿਰਦੇ ਅੰਦਰ ਜੇਕਰ ਸਭ ਤੋਂ ਉੱਤਮ ਕੁਝ ਹੋਣਾ ਚਾਹੀਦਾ ਹੈ ਤਾਂ ਉਹ ਹਨ ਪਰਮੇਸ਼ੁਰ ਜੀ ਦੇ ਗੁਣ। ਪ੍ਰਭੂ-ਭਗਤ ਦੇ ਤੁੱਲ ਵਿਦਵਾਨ, ਸੂਰਮੇ ਅਥਵਾ ਛਤ੍ਰਪਤਿ ਰਾਜੇ ਨੇ ਤਾਂ ਕੀ ਹੋਣਾ, ਵੱਡੇ ਤੋਂ ਵੱਡੇ ਦੇਵਤੇ ਭੀ ਉਸ ਦੀ ਬਰਾਬਰੀ ਦੇ ਨੇੜੇ-ਤੇੜੇ ਭੀ ਨਹੀਂ ਹੋ ਸਕਦੇ। ਪ੍ਰਭੂ-ਭਗਤ ਦੀ ਇੱਕੋ-ਇੱਕ ਨਿਸ਼ਾਨੀ ਉਸ ਦੇ ਜੀਵਨ ਦਾ ਸਾਰ, ਉਸ ਦੇ ਜੀਵਨ ਦਾ ਆਧਾਰ ਪ੍ਰਭੂ-ਭਗਤੀ, ਪ੍ਰਭੂ-ਪ੍ਰੇਮ ਦਾ ਹੋਣਾ ਹੈ।
ਇਹ ਭੀ ਨਹੀਂ ਹੁੰਦਾ ਕਿ ਪਿਛੋਕੜ ਵਿੱਚ ਕੋਈ ਬੁਰੀ ਪਰੰਪਰਾ ਕੁਟੰਬ ਵਿੱਚ ਚਲੀ ਆ ਰਹੀ ਹੈ ਤਾਂ ਅਸਾਂ ਵਡੇਰਿਆਂ ਦੀ ਮਨੌਤ ਜਾਣ ਕੇ ਉਸ ਨੂੰ ਲਾਜ਼ਮੀ ਸਮਝਦਿਆਂ ਉਸ ਨੂੰ ਲੈ ਅਗਾਂਹ ਤੁਰੇ ਹੀ ਜਾਣਾ ਹੁੰਦਾ ਹੈ। ਸਹੀ ਮਾਰਗ ਦੀ ਚੋਣ ਕਰਨੀ ਹੁੰਦੀ ਹੈ ਤਾਂ ਜੋ ਅਗਲੀਆਂ ਨਸਲਾਂ ਤੁਹਾਡੇ ਪਾਏ ਸ਼ਾਹ-ਮਾਰਗਾਂ ਦੀਆਂ ਪਾਂਧੀ ਹੋ ਸਕਣ। ਕੁ-ਪ੍ਰਥਾਵਾਂ ਦਾ ਤਿਆਗ ਕਰਨਾ ਹੀ ਬਣਦਾ ਹੈ। ਪ੍ਰਭੂ ਦੀ ਟੇਕ ਰੱਖਦਿਆਂ ਸੁਹਿਰਦ ਵਿਵੇਕ 'ਤੇ ਆਧਾਰਿਤ ਨਿਰਣਾ ਲਵੋ ਅਤੇ ਉਸ ਅਨੁਸਾਰ ਜੀਵਨ ਵਿੱਚ ਵਿਚਰੋ। ਇਸ ਜੀਵਨ ਵਿੱਚ ਪ੍ਰਭੂ-ਮਾਰਗ 'ਤੇ ਤੁਰਨ ਅਤੇ ਤੁਰਦੇ ਰਹਿਣ ਲਈ ਭਲੇ ਪੁਰਖਾਂ ਦੀ ਸੰਗਤ (ਸਾਧ ਸੰਗਤਿ) ਹੀ ਸਰਬ-ਉੱਤਮ ਸਾਧਨ ਹੈ। ਵਪਾਰ ਅਤੇ ਕਾਰੋਬਾਰ ਭੀ ਈਮਾਨਦਾਰੀ ਦਾ ਹੀ ਫ.ਲਦਾ ਹੈ। ਯਾਦ ਰੱਖੋ! ਜੋ ਤੁਸਾਂ ਕੀਤਾ ਹੈ ਉਸ ਦਾ ਹਿਸਾਬ ਅਵੱਸ਼ ਹੋਣਾ ਹੈ। ਸੰਸਾਰ ਸਾਗਰ ਤੋਂ ਪਾਰ ਹੋਣ ਲਈ ਪ੍ਰਭੂ ਤੋਂ ਬਿਨਾ ਕੋਈ ਵੀ ਹੋਰ ਆਸਰਾ ਤੱਕਣਾ ਖ਼ੁਦ ਨੂੰ ਆਪੇ ਹੀ ਨਰਕ-ਕੁੰਡ ਦੇ ਹਵਾਲੇ ਕਰਨਾ ਹੈ।

# ਅਮਰੀਕਾ ਯੂਕਰੇਨ ਉਪਰ ਰੂਸ ਦੇ ਸੰਭਾਵੀ ਹਮਲੇ ਦਾ ਹਰ ਤਰਾਂ ਜਵਾਬ ਦੇਣ ਲਈ ਤਿਆਰ-ਬਾਈਡਨ

## ਕਿਹਾ-ਅਜੇ ਵੀ ਮਸਲੇ ਦੇ ਕੂਟਨੀਤਿਕ ਹੱਲ ਦੀ ਸੰਭਾਵਨਾ ਮੌਜੂਦ

ਸੈਕਰਾਮੈਂਟੋ 16 ਫਰਵਰੀ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ ਯੁਕਰੇਨ ਵਿਚਲੀ ਸਥਿੱਤੀ ਬਾਰੇ ਅਮਰੀਕੀਆਂ ਨੂੰ ਪਹਿਲੀ ਵਾਰ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਹਾਲਾਤ ਨਾਲ ਨਜਿੱਠਣ ਲਈ ਹਰ ਤਰਾਂ ਤਿਆਰ ਹੈ। ਯੁਕਰੇਨ ਵਿਚਲੇ ਘਟਨਾਕ੍ਰਮ ਬਾਰੇ ਦਿਨ ਭਰ ਜਾਰੀ ਰਹੀ ਗੱਲਬਾਤ ਦਰਮਿਆਨ ਰਾਸ਼ਟਰ-ਪਤੀ ਨੇ ਵਾਈਟ ਹਾਊਸ ਤੋਂ ਆਪਣੇ ਸੰਬੋਧਨ ਵਿਚ ਕਿਹਾ " ਅਸੀਂ ਕੂਟ-ਨੀਤਿਕ ਢੰਗ ਤਰੀਕੇ ਰਾਹੀਂ ਮਸਲੇ ਦਾ ਹੱਲ ਕੱਢਣ ਲਈ ਤਿਆਰ ਹਾਂ ਇਸ ਦੇ ਨਾਲ ਹੀ ਅਸੀਂ ਯੁਕਰੇਨ ਉਪਰ ਰੂਸ ਦੇ ਸੰਭਾਵੀ ਹਮਲੇ ਦਾ ਨਿਰਣਾਇਕ ਜਵਾਬ ਦੇਣ ਲਈ ਵੀ ਤਿਆਰ ਹਾਂ।" ਬਾਈਡਨ ਨੇ ਕਿਹਾ ਕਿ ਮਸਲੇ ਦਾ ਕੂਟਨੀਤਿਕ ਹੱਲ ਲਭਿਆ ਜਾ ਸਕਦਾ ਹੈ ਤੇ ਇਹ ਢੰਗ ਤਰੀਕਾ ਹੀ ਸਾਡੀਆਂ ਸੁਰੱਖਿਆ ਚਿੰਤਾਵਾਂ ਨੂੰ ਹੱਲ ਕਰਨ ਦਾ ਅਸਲ ਰਾਹ ਹੈ। ਬਾਈਡਨ ਨੇ ਕਿਹਾ ਅਸੀਂ ਹੱਥਿਆਰਾਂ ਉਪਰ ਨਿਯੰਤਰਣ ਕਰਨ ਤੇ ਰਣਨੀ-ਤਿਕ ਸਥਿਰਤਾ ਲਈ ਨਵੇਂ ਪਾਰਦਰਸ਼ੀ ਕਦਮ ਚੁੱਕੇ ਰਹੇ ਹਾਂ। ਇਹ ਨਵੇਂ ਮਾਪ ਦੰਡ ਰੂਸ ਤੇ ਨਾਟੋ ਦੋਨਾਂ ਉਪਰ ਲਾਗੂ ਹੋਣਗੇ। ਬਾਈਡਨ ਨੇ ਜੋਰ ਦੇ ਕੇ ਕਿਹਾ ਕਿ ਅਮ-ਰੀਕਾ ਕਿਸੇ ਦੇਸ਼ ਦੀ ਪ੍ਰਭੂਸਤਾ ਬਰਕਰਾਰ ਰੱਖਣ ਤੇ ਉਸ ਵੱਲੋਂ ਕਿਸੇ ਵੀ ਨਾਲ ਜੁੜਨ ਦੇ ਅਧਿਕਾਰ ਸਮੇਤ ਬੁਨਿਆਦੀ ਸਿਧਾਂਤਾਂ ਦੀ ਕੁਰਬਾਨੀ ਕਰਨ ਲਈ ਤਿਆਰ ਨਹੀਂ ਹੈ ਪਰੰਤੂ ਅਜੇ ਵੀ ਕੂਟਨੀਤਿਕ ਗੱਲਬਾਤ ਤੇ ਹਾਲਾਤ ਨੂੰ ਸੁਖਾਵਾਂ ਮੋੜ ਦੇਣ ਦੀ ਸੰਭਾਵਨਾ ਮੌਜੂਦ ਹੈ। ਬਾਈਡਨ ਵੱਲੋਂ ਸੰਬੋਧਨ ਕਰਨ ਤੋਂ ਪਹਿਲਾਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅਜਿਹੇ ਸੰਕੇਤ ਦਿੱਤੇ ਸਨ ਜਿਸ ਤੋਂ ਰੂਸ ਦੁਆਰਾ ਯੁਕਰੇਨ ਉਪਰ ਹਮਲੇ ਦਾ ਖਦਸ਼ਾ ਪੈਦਾ ਹੋ ਗਿਆ ਹੈ। ਇਥੇ ਜਿਕਰਯੋਗ ਹੈ ਕਿ ਮਾਸਕੋ ਨੇ ਕਿਹਾ ਹੈ ਕਿ ਉਹ ਯੁਕਰੇਨ ਤੇ ਹੋਰ ਸਾਬਕਾ ਸੋਵੀਅਤ ਯੁਨੀਅਨ ਤੋਂ ਵੱਖ ਹੋਏ ਦੇਸ਼ਾਂ ਨੂੰ ਨਾਟੋ ਦੇ ਫੌਜੀ ਗਠਜੋੜ ਵਿਚ ਸ਼ਾਮਿਲ ਨਹੀਂ ਹੋਣ ਦੇਵੇਗਾ। ਮਾਸਕੋ ਇਹ ਵੀ ਚਹੁੰਦਾ ਹੈ ਕਿ ਨਾਟੋ ਯੁਕਰੇਨ ਵਿਚ ਹਥਿਆਰਾਂ ਨੂੰ ਵਿਕਸਤ ਕਰਨਾ ਬੰਦ ਕਰੇ ਤੇ ਪੂਰਬੀ ਯੂਰਪ ਵਿਚੋਂ ਆਪਣੀਆਂ ਫੋਰਸਾਂ ਵਾਪਿਸ ਬੁਲਾਵੇ।



# ਲੁਟੇਰੇ ਉਪਰ ਚਲਾਈ ਗੋਲੀ 9 ਸਾਲਾ ਬੱਚੀ ਦੇ ਵੱਜੀ, ਹੋਈ ਮੌਤ

ਸੈਕਰਾਮੈਂਟੋ 16 ਫਰਵਰੀ (ਹੁਸਨ ਲੜੋਆ ਬੰਗਾ) ਹੋਸਟਨ ਖੇਤਰ ਵਿਚ ਇਕ ਲੁਟੇਰੇ ਕੋਲੋਂ ਬਚਣ ਲਈ ਇਕ ਵਿਅਕਤੀ ਵੱਲੋਂ ਚਲਾਈ ਗੋਲੀ ਕਾਰ ਵਿਚ ਆਪਣੇ ਪਰਿਵਾਰ ਨਾਲ ਬੈਠੀ 9 ਸਾਲਾ ਲੜਕੀ ਦੇ ਵਜਣ ਨਾਲ ਉਸ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਕਾਰ ਵਿਚ ਬੱਚੀ ਸਮੇਤ ਪਰਿਵਾਰ ਦੇ 5 ਮੈਂਬਰ ਬੈਠੇ ਸਨ ਤੇ ਉਨਾਂ ਦਾ ਲੁੱਟਖੋਹ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਲੁਟੇਰਾ ਘਟਨਾ ਸਥਾਨ ਤੋਂ ਫਰਾਰ ਹੋ ਗਿਆ। ਬੱਚੀ ਦੇ ਗੋਲੀ ਸਿਰ ਵਿਚ ਵੱਜੀ ਸੀ। ਪੁਲਿਸ ਨੇ ਗੋਲੀ ਚਲਾਉਣ ਵਾਲੇ ਸ਼ੱਕੀ ਨੂੰ ਹਿਰਾਸਤ ਵਿਚ ਲੈ ਲਿਆ ਹੈ।



# ਪੁਲਿਸ ਵੱਲੋਂ ਅਧਿਕਾਰਿਤ ਖੇਤਰ ਤੋਂ ਬਾਹਰ ਐੱਫ.ਆਈ.ਆਰ.ਦਰਜ ਕਰਨ ਤੋਂ ਮਨ੍ਹਾ ਕਰਨਾ ਕਿੰਨਾ ਕੁ ਵਾਜ਼ਿਬ

ਅਕਸਰ ਹੀ ਇਹ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਕਿਸੇ ਵੇਲੇ, ਕਿਸੇ ਸਮੇਂ, ਕਿਸੇ ਵੀ ਖੇਤਰ ਵਿਚ, ਕਿਸੇ ਤੇ ਕੋਈ ਜੁਲਮ ਜਾਂ ਅੱਤਿਆਚਾਰ ਹੁੰਦਾ ਹੈ, ਜਿਹੜਾ ਕਿ ਕਾਨੂੰਨ ਅਨੁਸਾਰ ਕੌਗਨਿਜ਼ੇਬਲ ਅਪਰਾਧ ਦੀ ਪ੍ਰੀਭਾਸ਼ਾ ਵਿੱਚ ਆਉਂਦਾ ਹੈ ਤਾਂ, ਸੁਭਾਵਿਕ ਹੁੰਦਾ ਹੈ ਕਿ ਪੀੜਿਤ ਧਿਰ ਨੇੜੇ ਦੇ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਾਉਣ ਲਈ ਪਹੁੰਚ ਕਰਦੀ ਹੈ। ਪਰ ਪੀੜਿਤ ਧਿਰ ਦੀ ਪਹੁੰਚ ਅਤੇ ਰੁਤਬੇ ਅਨੁਸਾਰ ਪੁਲਿਸ ਦਾ ਵਤੀਰਾ ਬਿਲਕੁਲ ਹੀ ਪ੍ਰਭਾਵਿਤ ਅਤੇ ਵਖਰੇਵੇਂ ਭਰਿਆ ਹੁੰਦਾ ਹੈ। ਗਰੀਬ ਜਾਂ ਆਮ ਸ਼ਿਕਾਇਤ ਕਰਤਾ ਨੂੰ ਤਾਂ ਪੁਲਿਸ ਝੱਟ ਹੀ ਇਹ ਕਹਿ ਕੇ ਟਾਲਾ ਵੱਟ ਜਾਂਦੀ ਹੈ ਕਿ ਹੋਣ ਵਾਲੀ ਘਟਨਾ ਦੇ ਵਾਕਿਆਤ ਵਾਲਾ ਖੇਤਰ ਉਸ ਥਾਣੇ/ਚੌਂਕੀ ਦੇ ਅਧਿਕਾਰਤ ਖੇਤਰ ਤੋਂ ਬਾਹਰ ਹੈ। ਇਸ ਕਰਕੇ ਸੰਬੰਧਿਤ ਖੇਤਰ ਦੇ ਥਾਣੇ/ਚੌਂਕੀ ਵਿੱਚ ਸ਼ਿਕਾਇਤ ਦਰਜ ਕਰਵਾਈ ਜਾਵੇ। ਪਰ ਜੇ ਕਿਧਰੇ ਅਸਰ ਰਸੂਖ ਵਾਲਾ ਤੇ ਕਾਨੂੰਨੀ ਪੱਖਾਂ ਤੋਂ ਜਾਣੂ ਸ਼ਿਕ-ਾਇਤ ਕਰਤਾ ਪਹੁੰਚਦਾ ਹੈ ਤਾਂ ਪੁਲਿਸ ਬਿਨਾ ਕਿਸੇ ਦੇਰੀ ਦੇ ਸ਼ਿਕਾਇਤ ਦਰਜ ਕਰਕੇ ਤੁਰੰਤ ਪ੍ਰਭਾਵ ਨਾਲ ਪਰਚਾ ਦਰਜ ਕਰ ਦਿੰਦੀ ਹੈ ਭਾਵੇਂ ਕਿ ਹੋਣ ਵਾਲੀ ਅਪਰਾਧਿਕ ਘਟਨਾ ਦਾ ਘਟਨਾਸਥਲ ਸੰਬੰਧਿਤ ਪੁਲਿਸ ਦੇ ਅਧਿਕਾਰਤ ਖੇਤਰ ਤੋਂ ਬਾਹਰ ਹੀ ਕਿਉਂ ਨਾ ਹੋਵੇ। ਹਾਲਾਂ ਕਿ ਭਾਰਤੀ ਕਾਨੂੰਨ ਅਨੁਸਾਰ ਜ਼ੀਰੋ ਐੱਫ। ਆਈ। ਆਰ। ਦਾ ਪ੍ਰਾਵਧਾਨ ਮੌਜੂਦ ਹੈ ਜੋ ਕਿ ਅਗਿਆਨਤਾ ਵੱਸ ਗ਼ਰੀਬ ਤੇ ਕਮਜ਼ੋਰ ਵਰਗ ਲਈ ਲਾਗੂ ਹੀ ਨਹੀਂ ਕੀਤਾ ਜਾਂਦਾ। ਐਫ। ਆਈ। ਆਰ। ( ਪਰਚਾ) ਦਰਜ ਕਰਨਾ ਤਾਂ ਦੂਰ ਦੀ ਗੱਲ, ਇਹਨਾਂ ਦੀ ਸ਼ਿਕਾਇਤ ਹੀ ਦਰਜ ਨਹੀਂ ਕੀਤੀ ਜਾਂਦੀ। ਉਲਟਾ ਰੋਹਬ ਨਾਲ ਅਣਜਾਣ ਤੇ ਭੋਲੇ ਭਾਲੇ ਲੋਕਾਂ ਨੂੰ ਥਾਣੇ/ਚੌਂਕੀਆਂ ਵਿੱਚੋਂ ਠੋਕਰਾਂ ਖਾਣ ਲਈ ਝਿੜਕਾਂ ਮਾਰ ਕੇ ਭਜਾ ਦਿੱਤਾ ਜਾਂਦਾ ਹੈ ਤੇ ਵਿਚਾਰੇ ਪੁਲਿਸ ਵੱਲੋਂ ਬੇਇਨਸਾਫ਼ੀ ਕਾਰਨ ਧੱਕੇ ਖਾਣ ਨਾਲੋਂ ਸ਼ਿਕਾਇਤ ਦਰਜ ਕਰਨ ਦਾ ਵਿਚਾਰ ਹੀ ਤਿਆਗ ਦਿੰਦੇ ਹਨ। ਇਹ ਆਮ ਵਰਤਾਰਾ ਹੈ ਜੋ ਕਿ ਕਾਨੂੰਨ ਦੇ ਰਖਵਾਲਿਆਂ ਵੱਲੋਂ ਬੇਝਿਜਕ ਤੇ ਬੇਡਰ ਹੋ ਕੇ ਬਿਲਕੁਲ ਗੈਰ ਕਾਨੂੰਨੀ ਤਰੀਕੇ ਨਾਲ ਸ਼ਰ੍ਹੇਆਮ ਕੀਤਾ ਜਾਂਦਾ ਹੈ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਤਾਜ਼ਾ ਫੈਸਲੇ ਅਨੁਸਾਰ ਜਸਟਿਸ ਮੰਜਾਰੀ ਨਹਿਰੂ ਕੌਲ ਨੇ ਕਿਹਾ ਕਿ " ਪੁਲਿਸ ਵੱਲੋਂ ਅਧਿਕਾਰਿਤ ਖੇਤਰ ਦਾ ਹਵਾਲਾ ਦੇ ਕੇ ਐੱਫ। ਆਈ। ਆਰ। ਦਰਜ ਕਰਨ ਤੋਂ ਮਨ੍ਹਾ ਕਰਨਾ ਨਿਆਂਇਕ ਧੋਖਾ ਹੈ ਜਿਸ ਨਾਲ ਨਾ ਸਿਰਫ ਪੀੜਿਤ ਸੜਕਾਂ ਤੇ ਰੁਲਣ ਲਈ ਮਜਬੂਰ ਕੀਤਾ ਜਾਂਦਾ ਹੈ ਬਲਕਿ ਇਸ ਨਾਲ ਪੀੜਿਤ ਕਾਨੂੰਨੀ ਤਕਨੀਕੀਆਂ ਦੇ ਜਾਲ ਵਿੱਚ ਉਲਝ ਕੇ ਰਹਿ ਜਾਂਦਾ ਹੈ ਅਤੇ ਨਤੀਜੇ ਵਜੋਂ ਉਸਦਾ ਕਾਨੂੰਨੀ ਪੱਖਾਂ ਤੋਂ ਯੋਗ ਤੇ ਉਚਿਤ ਸਮਾਂ ਬਰਬਾਦ ਹੋ ਜਾਂਦਾ ਹੈ।" ਇਸ ਕਰਕੇ ਪੁਲਿਸ ਅਧਿਕਾਰਤ ਖੇਤਰ ਦਾ ਹਵਾਲਾ ਦੇ ਕੇ ਐੱਫ ਆਈ ਆਰ ਦਰਜ ਕਰਨ ਤੋਂ ਮਨ੍ਹਾ ਨਹੀਂ ਕਰ ਸਕਦੀ। ਬੇਸ਼ੱਕ ਨਿਆਂਇਕ ਅਦਾਰਿਆਂ ਵੱਲੋਂ ਸਮੇਂ ਸਮੇਂ ਤੇ ਉਚਿਤ ਅਤੇ ਮਹ-ੱਤਵਪੂਰਨ ਫ਼ੈਸਲੇ ਦਿੱਤੇ ਜਾਂਦੇ ਹਨ ਜਿਨ੍ਹਾਂ ਤੋਂ ਪੁਲਿਸ ਵਿਭਾਗ ਭਲੀ ਭਾਂਤ ਜਾਣੂ ਹੁੰਦਾ ਹੈ ਪਰੰਤੂ ਅਦਾਲਤੀ ਫ਼ੈਸਲਿਆਂ ਨੂੰ ਨਜ਼ਰ ਅੰਦਾਜ਼ ਕਰਕੇ, ਆਪਣੇ ਸਿਆਸੀ ਆਕਾਵਾਂ ਦੀ ਹੈਂਕੜ ਨੂੰ ਕਾਇਮ ਰੱਖਣ ਲਈ ਸਰਕਾਰੀ ਤੰਤਰ ਨਿੱਜੀ ਹੱਥਾਂ ਵਿੱਚ ਖੇਡਦਿਆਂ ਘੜੰਮ ਚੌਧਰੀਆਂ ਦੀ ਕਠਪੁਤਲੀ ਬਣ ਕੇ, ਗਰੀਬ ਤੇ ਭੋਲੇ ਭਾਲੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦਾ ਘਾਣ ਕਰਨ ਲਈ ਨਿਰੰਤਰ ਯਤਨਸ਼ੀਲ ਰਹਿੰਦਾ ਹੈ। ਸਮਾਜਿਕ ਬਰਾਬਰਤਾ ਤੇ ਕਾਨੂੰਨੀ ਸਮਾਨਤਾ ਦਾ ਅਧਿਕਾਰ ਵਿਗੜੇ ਹੋਏ ਕਾਨੂੰਨ ਰਖਵਾਲਿਆਂ ਦੀਆਂ ਆਪ ਹੁਦਰੀਆਂ ਸਾਹਮਣੇਂ ਨਿੱਤ ਰੋਜ਼ ਦਮ ਤੋੜਦਾ ਰਹਿੰਦਾ ਹੈ। ਸੰਵਿਧਾਨਿਕ ਨੁਕਤਿਆਂ ਪ੍ਰਤਿ ਜਾਗਰੂਕ ਹੋਏ ਬਿਨਾਂ ਪੁਲਿਸ ਪ੍ਰਸ਼ਾਸ਼ਨ ਨੂੰ ਜਵਾਬਦੇਹ ਬਣਾਉਣਾ ਨਾ ਮੁ-ਮਕਿਨ ਹੈ। ਸਿੱਖਿਅਤ ਸਮਾਜ ਦੀ ਸਿਰਜਣਾ ਹੀ ਚੇਤਨ ਮਾਹੌਲ ਸਿਰਜ ਸਕਦੀ ਹੈ ਨਹੀਂ ਤਾਂ ਅਗਿਆਨਤਾ ਦੇ ਹਨ੍ਹੇਰੇ ਨੂੰ ਚੀਰ ਕੇ ਸਮਾਜਿਕ ਸੁਰੱਖਿਆ ਪ੍ਰਬੰਧਾਂ ਦੇ ਅਮਲੇ ਦੀ ਘੁਣ ਖਾਧੀ ਅਸੰਵੇਦਨਸ਼ੀਲ ਛਵੀ ਨੂੰ ਸਜੀਵ ਤੇ ਸੁਹਿਰਦ ਬਣਾਉਣਾ ਆਸਾਨ ਨਹੀਂ ਹੋਵੇਗਾ।

**ਡਾ ਰਜਿੰਦਰ ਕੌਰ**
**ਪੀ। ਐਚ। ਡੀ।, ਰਾਜਨੀਤੀ ਸ਼ਾਸਤਰ**
**ਫੋਨ 8360342500**





ਤਿਉ ਤਿਉ ਸੈਲ ਕਰਹਿ ਜਿਉ ਭਾਵੈ। ਮਹਿਰਮ ਮਹਲ ਨ ਕੋ ਅਟਕਾਵੈ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।

S. Sucha Singh & His Family

# ਫਰਿਜਨੋ ਨੇੜੇ ਸੜਕ ਹਾਦਸੇ ਵਿਚ 5 ਮੌਤਾਂ 2 ਦੀ ਹਾਲਤ ਗੰਭੀਰ

ਸੈਕਰਾਮੈਂਟੋ 7 ਫਰਵਰੀ (ਹੁਸਨ ਲੜੋਆ ਬੰਗਾ)- ਫਰਿਜਨੋ (ਕੈਲੀਫੋਰੀਨਆ) ਦੇ ਉੱਤਰ ਵਿਚ ਹੋਏ ਸੜਕ ਹਾਦਸੇ ਵਿਚ 5 ਲੋਕਾਂ ਦੀ ਮੌਤ ਹੋ ਗਈ ਤੇ ਦੋ ਹੋਰ ਜਖਮੀ ਹੋ ਗਏ ਜਿਨਾਂ ਦੀ ਹਾਲਤ ਗੰਭੀਰ ਹੈ। ਕੈਲੀਫੋਰਨੀਆ ਹਾਈਵੇਅ ਪੈਟਰੋਲ ਦੇ ਇਕ ਅਧਿਕਾਰੀ



ਲੈਫਟੀਨੈਂਟ ਜੇ ਕੈਸਟੈਂਨੇਡਾ ਨੇ ਦੱਸਿਆ ਕਿ ਇਹ ਹਾਦਸਾ ਤੜਕਸਾਰ 4।30 ਵਜੇ ਉਸ ਵੇਲੇ ਵਾਪਰਿਆ ਜਦੋਂ ਮਿਲਰਟਨ ਰੋਡ ਉਪਰ ਇਕ ਹੁੰਡਾਈ ਅਸੈਂਟ ਗੱਡੀ ਦੋ ਪੀਲੀਆਂ ਲਾਈਨਾਂ ਪਾਰ ਕਰਕੇ ਦੂਸਰੇ ਪਾਸੇ ਤੋਂ ਆ ਰਹੀ ਹਾਂਡਾ ਅਕਾਰਡ ਨਾਲ ਟਕਰਾ ਗਈ। ਟੱਕਰ ਏਨੀ ਜਬਰਦਸਤ ਸੀ ਕਿ ਇਸ ਦੀ ਆਵਾਜ਼ ਦੂਰ ਤੱਕ ਸੁਣਾਈ ਦਿੱਤੀ। ਹੁੰਡਾਈ ਵਿਚ ਸਵਾਰ ਡਰ-ਾਈਵਰ ਸਮੇਤ 4 ਜਣੇ ਤੇ ਹਾਂਡਾ ਵਿਚ ਸਵਾਰ ਇਕ ਵਿਅਕਤੀ ਮੌਕੇ ਉਪਰ ਹੀ ਦਮ ਤੋੜ ਗਏ। ਹਾਂਡਾ ਵਿਚ ਸਵਾਰ ਦੋ ਹੋਰ ਵਿਅਕਤੀਆਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ




ਲਿਜਾਇਆ ਗਿਆ ਹੈ। ਉਨਾਂ ਦੱਸਿਆ ਕਿ ਮਾਰੇ ਗਏ ਸਾਰੇ ਵਿਅਕਤੀਆਂ ਦੀ ਉਮਰ 30 ਤੋਂ 40 ਸਾਲ ਦੇ ਦਰਮਿਆਨ ਸੀ ਤੇ ਉਹ ਆਸ ਪਾਸ ਖੇਤਰ ਨਾਲ ਹੀ ਸਬੰਧਤ ਹਨ। ਅਜੇ ਤੱਕ ਮਾਰੇ ਗਏ ਵਿਅਕਤੀਆਂ ਦੀ ਸ਼ਨਾਖਤ ਨਹੀਂ ਹੋ ਸਕੀ।

# ਕੋਲੋਰਾਡੋ ਵਿਚ ਇਕ ਚਰਚ ਵਿੱਚ ਔਰਤ ਦੀ ਗੋਲੀਆਂ ਮਾਰ ਕੇ ਹੱਤਿਆ ਦੋ ਹਰ ਜਖਮੀ

ਸੈਕਰਾਮੈਂਟੋ 7 ਫਰਵਰੀ (ਹੁਸਨ ਲੜੋਆ ਬੰਗਾ)- ਔਰੋਰਾ, ਕੋਲੋਰਾਡੋ ਦੇ ਇਕ ਚਰਚ ਵਿਚ ਇਕ ਸ਼ੱਕੀ ਹਮਲਾਵਰ ਨੇ ਗੋ-ਲੀਆਂ ਮਾਰ ਕੇ ਇਕ ਔਰਤ ਦੀ ਹੱਤਿਆ ਕਰ ਦਿੱਤੀ ਤੇ ਦੋ ਹੋਰਨਾਂ ਨੂੰ ਜਖਮੀ ਕਰ ਦਿੱਤਾ। ਔਰੋਰਾ ਪੁਲਿਸ ਦੇ ਬੁਲਾਰੇ ਮੈਥੀਊ ਲਾਂਗਸ਼ੋਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ਼ੱਕੀ ਹਮਲਾਵਰ ਪੀੜਤਾਂ ਵਿਚੋਂ ਇਕ ਨੂੰ ਜਾਣਦਾ ਸੀ ਤੇ ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਹੈ।

ਔਰੋਰਾ ਪੁਲਿਸ ਵਿਭਾਗ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਗਲੇਸੀਆ ਫਰੋ ਡੇ ਲੂਜ਼ ਚਰਚ ਵਿਚ ਸਥਾਨਕ ਸਮੇ ਅਨੁਸਾਰ ਸ਼ਾਮ 8 ਵਜੇ ਦੇ ਆਸ ਪਾਸ ਵਾਪਰੀ। ਉਸ ਸਮੇ ਚਰਚ ਵਿਚ ਇਕ ਸਮਾਗਮ ਚਲ ਰਿਹਾ ਸੀ ਜਿਸ ਵਿਚ 20 ਦੇ ਕਰੀਬ ਵਿਅਕਤੀ ਸ਼ਾਮਿਲ ਸਨ। ਜਦੋਂ ਪੁਲਿਸ ਘਟਨਾ ਸਥਾਨ 'ਤੇ ਪੁੱਜੀ ਤਾਂ ਇਕ 36 ਸਾਲ ਦੀ ਔਰਤ ਤੇ ਦੋ ਹੋਰ ਵਿਅਕਤੀ ਜਿਨਾਂ ਦੀ ਉਮਰ 40 ਸਾਲ ਦੇ ਕਰੀਬ ਸੀ, ਜਖਮੀ ਹਾਲਤ ਵਿਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ।

ਇਨਾਂ ਵਿਚੋਂ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦ ਕਿ ਬਾਕੀ ਦੋਨਾਂ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਸ਼ੱਕੀ ਦੀ ਪਛਾਣ ਕਰ ਰਹੀ ਹੈ ਜੋ ਗੋਲੀਬਾਰੀ ਉਪਰੰਤ ਮੌਕੇ ਤੋਂ ਫਰਾਰ ਹੋ ਗਿਆ।


My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556








# Happy 645th Parkash Utsav of Sri Guru Ravidass Ji. May Satguru Ji Bless entire universe.

ਰਾਮ ਗੁਸਈਆ ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥



# Ramesh Suman and Gyan Suman



**Ramesh Suman, Broker,**
DRE - 00871752
GRI, CDPE, RCS-D
RES.NET AMP REO Certified
HAFA Short Sale Specialist
AHOP Certified
President - Delta Association of Realtors
(925)366-3618
**Ramesh@RameshSuman.com**

## MAJESTIC HOMES

**3711 Sunset Lane, Suite F, Antioch, CA 94509**


WWW.MajesticHomes.US Office: (925)779-1234

**Service Excellence - Experience the Difference**

हिन्दी बोलने वालों का स्वागत है !
ਪੰਜਾਬੀ ਬੋਲਣ ਵਾਲਿਆਂ ਦਾ ਸਵਾਗਤ ਹੈ !
Estoy abierto al cambio para mejorar



**ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।।**




# Mr. Sohan Dhanda

## The Dhanda Family

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ** ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



Mr. Sohan Dhanda



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

ਸ੍ਰੀ ਗੁਰੁ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ 2022, ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੁ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ**
ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



**Raj Singh**

**Nirmal Singh**



NAPA
**AIRPORT AUTO PARTS**
RAJ SINGH
CFO
520 SAN MATEO AVE.
SAN BRUNO, CA 94066
Phone (650) 952-1135
Fax: (650) 952-1991

AUTO, HOME, LIFE, BUSINESS, RENTER, WORKERS COMPENSATION

FARMERS INSURANCE
Report all Claims to:
Farmers Claim Department
24 hours a Day, 7 days a week
1-800-435-7764

**NIRMAL SINGH INSURANCE AGENCY**
363 El Camino Real, Suite 219
South San Francisco, CA 94080
Bus: (415) 967-1258, Cell: (650) 867-9621
Fax: (650) 952-1991 -Lic#0191917



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

ਸ੍ਰੀ ਗੁਰੁ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ 20 ਫਰਵਰੀ ਨੂੰ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੁ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈਆਂ ਜੀ**
ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



# Vinod Kumar Jakhu
# (The Jakhu Family)

**Vice Treasurer: Sri Guru Ravidass Sabha Pittsburg (CA)**

# ਹੂਸਟਨ, ਟੈਕਸਸ ਵਿਚ ਇਕ ਛੋਟਾ ਜਹਾਜ਼ ਤਬਾਹ, ਦੋ ਜਖਮੀ

ਸੈਕਰਾਮੈਂਟੋ 13 ਜਨਵਰੀ (ਹੁਸਨ ਲੜੋਆ ਬੰਗਾ)-ਹੂਸਟਨ, ਟੈਕਸਾਸ, ਦੇ ਇਕ ਗੋਲਫ ਮੈਦਾਨ ਉਪਰ ਇਕ ਛੋਟਾ ਜਹਾਜ਼ ਤਬਾਹ ਹੋ ਗਿਆ ਜਿਸ ਵਿਚ ਸਵਾਰ ਦੋ ਵਿਅਕਤੀ ਜਖਮੀ ਹੋ ਗਏ। ਹੈਰਿਸ ਕਾਊਂਟੀ ਦੇ ਸ਼ੈਰਿਫ ਦਫਤਰ ਅਨੁਸਾਰ ਮੌਕੇ ਉਪਰ ਪੁੱਜੇ ਅੱਗ ਬੁਝਾਊ ਅਮਲੇ ਦੇ ਰਾਹਤ ਮੁਲਾਜ਼ਮਾਂ ਨੇ ਜਖਮੀ ਵਿਅਕਤੀਆਂ ਨੂੰ ਹਸਪਤਾਲ ਪਹੁੰਚਾਇਆ। ਟੈਕਸਾਸ ਦੇ ਜਨਤਿਕ ਸੁਰੱਖਿਆ ਵਿਭਾਗ ਅਨੁਸਾਰ ਜਖਮੀ ਵਿਅਕਤੀਆਂ ਵਿਚ ਇਕ ਮਰਦ ਤੇ ਇਕ ਔਰਤ ਸ਼ਾਮਿਲ ਹੈ ਜਿਨਾਂ ਦੀ ਅੱਜੇ ਪਛਾਣ ਨਹੀਂ ਹੋ ਸਕੀ। ਉਨਾਂ ਨੂੰ ਇਕ 'ਲਾਈਫ ਫਲਾਈਟ' ਰਾਹੀਂ ਸਥਾਨਕ ਹਸਪਤਾਲ ਵਿਚ ਪਹੁੰਚਾਉਣ ਲਈ ਤਕਰੀਬਨ ਇਕ ਘੰਟੇ ਦਾ ਸਮਾਂ ਲੱਗਾ।



ਜਨਤਿਕ ਸੁਰੱਖਿਆ ਵਿਭਾਗ ਦੇ ਸਾਰਜੈਂਟ ਰਿਚਰਡ ਸਟੈਂਡੀਫਰ ਨੇ ਕਿਹਾ ਹੈ ਕਿ ਉਹ ਇਹ ਖਬਰ ਦਿੰਦਿਆਂ ਰਾਹਤ ਮਹਿ-ਸੂਸ ਕਰ ਰਹੇ ਕਿ ਦੋਨੋ ਯਾਤਰੀ ਜੀਂਦੇ ਹਨ ਤੇ ਉਨਾਂ ਦਾ ਇਲਾਜ ਕੀਤਾ ਗਿਆ ਹੈ। ਸਟੈਂਡੀਫਰ ਅਨੁਸਾਰ ਇਸ ਛੋਟੇ ਜਹਾਜ਼ ਵਿਚ ਪਾਇਲਟ ਸਮੇਤ 4 ਵਿਅਕਤੀ ਬੈਠ ਸਕਦੇ ਹਨ। ਅਜੇ ਹਾਦਸੇ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ।

# ਪੁਲਿਸ ਹਥੋਂ ਮਾਰੇ ਗਏ ਕਾਲੇ ਵਿਅਕਤੀ ਆਮਿਰ ਲੌਕੀ ਦੇ ਮਾਮਲੇ ਨੇ ਤੂਲ ਫੜਿਆ

## ਲੌਕੀ ਨੂੰ ਕਾਲੇ ਹੋਣ ਦੀ ਸਜਾ ਭੁਗਤਣੀ ਪਈ-ਵਕੀਲ ਨੇ ਲਾਇਆ ਦੋਸ਼

ਸੈਕਰਾਮੈਂਟੋ 13 ਫਰਵਰੀ (ਹੁਸਨ ਲੜੋਆ ਬੰਗਾ)- ਮਿਨੀਆਪੋਲਿਸ ਵਿਚ ਇਸ ਮਹੀਨੇ ਦੇ ਸ਼ੁਰੂ ਵਿਚ ਪੁਲਿਸ ਹਥੋਂ ਮਾਰੇ ਗਏ ਕਾਲੇ ਵਿਅਕਤੀ ਆਮਿਰ ਲੌਕੀ ਦਾ ਮਾਮਲਾ ਤੂਲ ਫੜਦਾ ਹੋਇਆ ਨਜਰ ਆ ਰਿਹਾ ਹੈ। ਮ੍ਰਿਤਕ ਦੇ ਪਰਿਵਾਰ ਦੇ ਵਕੀਲ ਨੇ ਕਿਹਾ ਹੈ ਕਿ ਇਹ ਇਕ ਹੋਰ ਉਦਾਹਰਣ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਨਸਲ ਕਾਰਨ ਕਿਸ ਤਰਾਂ ਕਾਲੇ ਅਮਰੀਕੀਆਂ ਨਾਲ ਨਜਿੱਠਿਆ ਜਾਂਦਾ ਹੈ। ਵਕੀਲ ਨੇ ਕਿਹਾ ਹੈ ਕਿ ਗੰਨ ਰੱਖਣ ਦੇ ਅਧਿਕਾਰ ਤੋਂ ਨਸਲ ਦੇ ਆਧਾਰ 'ਤੇ ਕਿਸੇ ਨੂੰ ਵੰਚਿਤ ਨਹੀਂ ਕੀਤਾ ਜਾ ਸਕਦਾ। 22 ਸਾਲਾ ਮ੍ਰਿਤਕ ਦੇ ਪਰਿਵਾਰ ਅਨੁਸਾਰ ਲੌਕੀ ਕਾਨੂੰਨੀ ਤੌਰ 'ਤੇ ਇਕ ਗੰਨ ਦਾ ਮਾਲਕ ਸੀ ਤੇ ਉਸ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ। 2 ਫਰਵਰੀ ਨੂੰ ਮਿਨੀਆਪੋਲਿਸ ਦੇ ਅਨੇਕਾਂ ਪੁਲਿਸ ਅਫਸਰਾਂ ਦੇ ਬਿਨਾਂ ਦਰਵਾਜਾ ਖੜਕਾਇਆਂ ਜਾਂ ਸੂਚਨਾ ਦਿੱਤਿਆਂ ਘਰ ਵਿਚ ਦਾਖਲ ਹੋਣ ਉਪਰੰਤ ਕੇਵਲ 10 ਸਕਿੰਟਾਂ ਵਿਚ ਲੌਕੀ ਨੂੰ ਸਦਾ ਲਈ ਖਾਮੋਸ਼ ਕਰ ਦਿੱਤਾ ਗਿਆ। ਪੁਲਿਸ ਅਨੁਸਾਰ ਲੌਕੀ ਕੰਬਲ ਵਿਚ ਸੀ ਤੇ ਉਸ ਦੇ ਹੱਥ ਵਿਚ ਗੰਨ ਸੀ। ਪਰਿਵਾਰ ਦੇ ਵਕੀਲ ਜੈਫ ਸਟਾਰਮਸ ਅਨੁਸਾਰ ਤੱਥ ਇਹ ਹੀ ਹੈ ਕਿ ਕਾਲੇ ਅਮਰੀਕੀਆਂ ਨਾਲ ਹੀ ਅਜਿਹਾ ਕੁਝ ਵਾਰ ਵਾਰ ਹੋ ਰਿਹਾ ਹੈ । ਵਕੀਲ ਨੇ ਸਵਾਲ ਕੀਤਾ ਕਿ ਹੋਰ ਕਿਸੇ ਅਮਰੀਕੀ ਨਾਲ ਇਸ ਤਰਾਂ ਕਿਉਂ ਨਹੀਂ ਹੁੰਦਾ? ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ।



# ਚੈੱਫ ਸਾਰਕਰ ਦੀ ਹੱਤਿਆ ਬੀਮੇ ਦਾ ਪੈਸਾ ਹੜਪਣ ਲਈ ਕੀਤੀ ਗਈ

ਸੈਕਰਾਮੈਂਟੋ ,ਕੈਲੀਫੋਰਨੀਆ 14 ਫਰਵਰੀ (ਹੁਸਨ ਲੜੋਆ ਬੰਗਾ)- ਫਰੀਮਾਂਟ, ਕੈਲੀਫੋਰਨੀਆ, ਵਿਚ ਜਾਣੇ ਪਛਾਣੇ ਚੈਫ ਡੌਮੀਨਿਕ ਸਾਰਕਰ ਦੀ ਉਸ ਦੇ ਸੌਣ ਵਾਲੇ ਕਮਰੇ ਵਿਚੋਂ ਲਾਸ਼ ਮਿਲਣ ਦੇ 3 ਸਾਲ ਬਾਅਦ ਅਦਾਲਤ ਨੇ ਆਪਣੇ ਨਿਰਨੇ ਵਿਚ ਮਾਰਵਲ ਸਾਲਵੈਂਟ ਤੇ ਮਾਰੀਆ ਮੂਰੀ ਨੂੰ ਦੋਸ਼ੀ ਕਰਾਰ ਦਿੰਦਿਆਂ ਕਿਹਾ ਹੈ ਕਿ ਇਨਾਂ ਨੇ ਬੀਮੇ ਦੇ ਪੈਸੇ ਹੜਪਣ ਲਈ ਡੌਮੀਨਿਕ ਦੀ ਹੱਤਿਆ ਲਈ ਵਿਸ਼ੇਸ਼ ਹਾਲਾਤ ਪੈਦਾ ਕੀਤੇ ਤੇ ਸਾਜਿਸ਼ ਰਚੀ। ਅਦਾਲਤ ਨੇ ਕਿਹਾ ਹੈ ਕਿ ਮੂਰੀ ਨੇ ਸਾਲਵੈਂਟ ਨਾਲ ਮਿਲ ਕੇ ਸਾਰਕਰ ਦੇ ਜੀਵਨ ਬੀਮੇ ਦੇ 8 ਲੱਖ ਡਾਲਰ ਲੈਣ ਲਈ ਉਸ ਦੇ ਕਤਲ ਦੀ ਯੋਜਨਾ ਬਣਾਈ। ਮੂਰੀ ਨੇ ਪੁੱਛਗਿੱਛ ਦੌਰਾਨ ਪੁਲਿਸ ਨੂੰ ਦਸਿਆ ਕਿ ਸਾਲਵੈਂਟ ਨੇ ਹੀ ਸਾਰਕਰ ਨੂੰ ਮਾਰਨ ਦੀ ਸਾਜਿਸ਼ ਰਚੀ ਸੀ। ਮੂਰੀ ਨੇ ਸਵਿਕਾਰ ਕੀਤਾ ਕਿ ਉਸ ਦੇ ਸਾਰਕਰ ਨਾਲ ਸਰੀਰਕ ਸਬੰਧ ਸਨ ਤੇ ਉਹ ਸਾਰਕਰ ਦੀ ਬੀਮਾ ਪਾਲਿਸੀ ਵਿਚ ਹਿੱਸੇਦਾਰ ਸੀ। ਪਹਿਲਾਂ ਪਾਲਿਸੀ ਵਿਚ ਉਸ ਨੂੰ



ਘਰੇਲੂ ਭਾਈਵਾਲੀ ਵਜੋਂ ਤੇ ਸਾਰਕਰ ਦੀਆਂ ਦੋ ਬੇਟੀਆਂ ਨੂੰ ਉਤਰਾਧਿਕਾਰੀ ਵਜੋਂ ਸ਼ਾਮਿਲ ਕੀਤਾ ਗਿਆ ਸੀ। 2016 ਵਿਚ ਸਾਰਕਰ ਦੀਆਂ ਬੇਟੀਆਂ ਨੂੰ ਪਾਲਿਸੀ ਵਿਚੋਂ ਕੱਢ ਦਿੱਤਾ ਗਿਆ ਤੇ ਮੂਰੀ ਦੇ ਪੁੱਤਰ ਨੂੰ ਉਤਰਾਧਿਕਾਰੀ ਵਜੋਂ ਸ਼ਾਮਿਲ ਕੀਤਾ ਗਿਆ। 2017 ਵਿਚ ਸਾਰਕਰ ਨੇ 3 ਲੱਖ ਡਾਲਰ ਦੀ ਇਕ ਹੋਰ ਬੀਮਾ ਪਾਲਿਸੀ ਖਰੀਦੀ ਜਿਸ ਵਿਚ ਉਸ ਨੇ ਆਪਣੀਆਂ ਧੀਆਂ ਨੂੰ ਉਤਰਾਧਿਕਾਰੀ ਵਜੋਂ ਸ਼ਾਮਿਲ ਕੀਤਾ। ਬਾਅਦ ਵਿਚ ਇਸ ਪਾਲਿਸੀ ਵਿਚੋਂ ਵੀ ਸਾਰਕਰ ਦੀਆਂ ਧੀਆਂ ਦਾ ਨਾਂ ਕੱਢ ਕੇ ਮੂਰੀ ਨੂੰ ਇਕੋ ਇਕ ਉਤਰਾਧਿਕਾਰੀ ਵਜੋਂ ਸ਼ਾਮਿਲ ਕੀਤਾ ਗਿਆ। ਅਦਾਲਤ ਨੇ ਸੈੱਲ ਫੋਨ ਉਪਰ ਮੂਰੀ ਤੇ ਸਾਲਵੈਂਟ ਵਿਚਾਲੇ ਹੋਏ ਟੈਕਸਟ ਸੁਨੇਹੇ ਤੇ ਗਵਾਂਢੀਆਂ ਦੇ ਸੀ ਸੀ ਟੀ ਵੀ ਕੈਮਰੇ ਵਿਚੋਂ ਇਨ ਦੋਨਾਂ ਵਿਰੁੱਧ ਮਿਲੇ ਸਬੂਤਾਂ ਦੇ ਆਧਾਰ 'ਤੇ ਦੋਸ਼ੀ ਕਰਾਰ ਦਿੱਤਾ। ਸਜਾ ਦਾ ਫੈਸਲਾ ਬਾਅਦ ਵਿਚ ਸੁਣਾਇਆ ਜਾਵੇਗਾ।

# ਕੈਲੀਫ਼ੋਰਨੀਆ ਦੇ ਸ਼ਹਿਰ ਇਲਕ ਗਰੋਵ ਦੀ ਮੇਅਰ, ਬੌਬੀ ਸਿੰਘ-ਐਲਨ ਵਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੀ 36ਵੀਂ ਸ਼ਹੀਦੀ ਵਰ੍ਹੇਗੰਢ ਮੌਕੇ 4 ਫ਼ਰਵਰੀ ਨੂੰ "ਸਾਕਾ ਨਕੋਦਰ ਦਿਹਾੜਾ" ਵਜੋਂ ਮਾਣਤਾ !

**ਸੈਕਰਾਮੈਂਟੋ** (ਹੁਸਨ ਲੜੋਆ ਬੰਗਾ): ਕੈਲਿਫੋਰਨੀਆਂ ਦੇ ਨਾਲ ਲਗਦੇ ਸ਼ਹਿਰ ਐਲਕ ਗਰੋਵ ਦੀ ਮੇਅਰ, ਬੌਬੀ ਸਿੰਘ-ਐਲਨ ਵਲੋਂ ਸਿਟੀ ਚੈਂਬਰਜ ਵਿੱਚ ਹੋਏ ਇੱਕ ਪ੍ਰਭਾਵਸ਼ਾਲੀ ਸਮਾਗ਼ਮ ਵਿੱਚ ਸਾਕਾ ਨਕੋਦਰ ਦੇ ਸ਼ਹੀਦਾਂ ਦੀ 36ਵੀਂ ਸ਼ਹੀਦੀ ਵਰ੍ਹੇਗੰਢ ਮੌਕੇ 4 ਫ਼ਰਵਰੀ ਨੂੰ "ਸਾਕਾ ਨਕੋਦਰ ਦਿਹਾੜਾ" ਵਜੋਂ ਮਾਣਤਾ ਦਿੱਤੀ ! ਸਾਕਾ ਨਕੋਦਰ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਦੇ ਛੋਟੇ ਵੀਰ ਡਾ। ਹਰਿ-ਦਰ ਸਿੰਘ ਨੇ ਮੇਅਰ ਤੋਂ 4 ਫ਼ਰਵਰੀ "ਸਾਕਾ ਨਕੋਦਰ ਦਿਹਾੜਾ" ਦੀ ਮਾਣਤਾ ਪ੍ਰਾਪਤ ਕੀਤੀ । ਇਸ ਸਮੇਂ ਸਥਾਨਿਕ ਸ਼ਖਸ਼ੀਅਤਾਂ ਵਿੱਚੋਂ ਸ਼ਹਿਰ ਦੇ ਕਮਿਸ਼ਨਰ ਜੀ. ਐਸ. ਰੰਧਾਵਾ, ਸ. ਹਰਦੀਪ ਸਿੰਘ ਹੇਅਰ, ਜੱਸੀ ਸ਼ੇਰਗਿੱਲ, ਮਨਜੀਤ ਸਿੰਘ ਢਿੱਲੋਂ, ਲਾਲ ਸਿੱਧੂ, ਪਰਮਜੀਤ ਖੈਰਾ, ਗੁਰਦੀਪ ਗਿੱਲ ਤੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ । ਡਾ ਪ੍ਰਿਤਪਾਲ ਸਿੰਘ ਜੀ ਦਾ ਸਾਕਾ ਨਕੋਦਰ ਦੀ ਦਾਸਤਾਨ ਨੂੰ ਮੇਅਰ, ਬੌਬੀ ਸਿੰਘ-ਐਲਨ ਦੇ ਧਿਆਨ ਵਿੱਚ ਲਿਆਉਣ ਲਈ ਧੰਨਵਾਦ ਕੀਤਾ ਗਿਆ। ਇਸ ਤੋਂ ਪਹਿਲਾਂ ਕੈਲੀਫੋਰਨੀਆ ਦੇ ਸ਼ਹਿਰਾਂ ਸੈਨ ਹੋਜੇ, ਸੈਂਟਾ ਕਲਾਰਾ, ਮਨ-ਟੀਕਾ, ਮਿਲਪੀਟਸ, ਲੈਥਰੋਪ, ਸਟਾਕਟਨ, ਕਰਮਨ, ਕਨੇਕ-ਟੀਕਟ ਸੂਬੇ ਦੇ ਸ਼ਹਿਰ ਨੋਰਵਿਚ, ਮੈਸਾਚੂਸਟ ਸੂਬੇ ਦੇ ਸ਼ਹਿਰ ਹੋਲੀਓਕ, ਕੈਲੀਫੋਰਨੀਆ ਦੀ ਕੋਂਟੀ ਮੋਡੈਸਟੋ ਦੇ ਸੁਪਰਵਾਈਜ਼ਰ ਮਨੀ ਗਰੇਵਾਲ, ਸੇਨ ਵਾਕੀਨ ਕੋਂਟੀ ਦੇ ਸੁਪਰਵਾਈਜ਼ਰ ਮਿਗਉਲ ਵਿਲਾਪਡੂਆ, ਬੇ ਏਰੀਏ ਦੀ ਸਭ ਤੋਂ ਵੱਡੀ ਸੈਂਟਾ ਕਲਾਰਾ ਕੋਂਟੀ ਦੇ ਪੰਜੇ ਸੁਪਰਵਾਈਜ਼ਰਾਂ ਵਲੋਂ ਸਰਬਸੰਮਤੀ ਨਾਲ, ਕੈਲੀਫੋਰਨੀਆ ਦੇ ਅਸੇਂਬਲੀ ਮੈਂਬਰਾਂ ਕਾਰਲੋਸ ਵਿਲਾਪਡੂਆ, ਐਸ਼ ਕਾਲੜਾ, ਐਲੇਕਸ ਲੀ, ਸੈਨੇਟਰ ਡੇਵ ਕੋਰਟੀਜ ਅਤੇ ਕਾਂਗਰਸਮੈਨ ਰੋ ਖੰਨਾ 4 ਫ਼ਰਵਰੀ ਨੂੰ "ਸਾਕਾ ਨਕੋਦਰ ਦਿਹਾੜਾ" ਵਜੋਂ ਮਾਣਤਾ ਦੇ ਚੁੱਕੇ ਹਨ। ਜ਼ਿਕਰਯੋਗ ਹੈ ਕਿ ਨਕੋਦਰ ਵਿੱਚ 2 ਫਰਵਰੀ 1986 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਨਕੋਦਰ 'ਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸ਼ਰਾਰਤੀ ਅਨਸਰਾਂ ਨੇ ਸਾੜ ਦਿੱਤੇ ਸਨ। 4 ਫਰਵਰੀ ਨੂੰ ਸ਼ਾਂਤੀਪੂਰਵਕ ਢੰਗ ਨਾਲ ਵਿਰੋਧ ਪ੍ਰਗਟਾਉਂਦੀ ਸੰਗਤ 'ਤੇ ਪੰਜਾਬ ਪੁਲੀਸ ਨੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਦੌਰਾਨ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿ-ਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਹਰਮਿੰਦਰ ਸਿੰਘ ਚਲੂਪਰ ਅਤੇ ਭਾਈ ਝਿਲਮਣ ਸਿੰਘ ਗੌਰਸੀਆਂ ਸ਼ਹੀਦ ਹੋ ਗਏ ਸਨ। ਸਾਕਾ ਨਕੋਦਰ ਨੂੰ 36 ਸਾਲ ਬੀਤ ਚੁੱਕੇ ਹਨ ਪਰ ਅੱਜ ਵੀ ਪੀੜਤ ਮਾਪਿਆਂ ਨੂੰ ਇਨਸਾਫ ਨਹੀਂ ਮਿਲ ਸਕਿਆ। ਇਸ ਘਟਨਾ ਦੌਰਾਨ ਚਾਰ ਸਿੱਖ ਨੌਜਵਾਨ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਸਨ। ਇਨ੍ਹਾਂ ਚਾਰ ਸਿੱਖ ਨੌਜਵਾਨਾਂ ਵਿੱਚੋਂ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਨੂੰ ਛੱਡ ਕਿ ਬਾਕੀ ਤਿੰਨ ਨੌਜਵਾਨਾਂ ਦੇ ਮਾਪੇ ਇਸ ਫ਼ਾਨੀ ਦੁਨੀਆ ਤੋਂ ਜਾ ਚੁੱਕੇ ਹਨ। ਭਾਈ ਰਵਿੰਦਰ ਸਿੰਘ ਲਿੱਤਰਾਂ ਜੀ ਦੇ ਪਿਤਾ ਬਲਦੇਵ ਸਿੰਘ ਪਿਛਲੇ 36 ਸਾਲਾਂ ਤੋਂ ਸਾਕਾ ਨਕੋਦਰ ਦੇ ਇਨਸਾਫ਼ ਲਈ ਮੰਗ ਕਰਦੇ ਰਹੇ ਹਨ। ਹੁਣ ਅਮਰੀਕਾ ਦੀ ਕਾਂਗਰਸ-ਵੂਮੈਨ ਜ਼ੋਈ ਲੋਫਗਰਿਨ ਤੇ ਅੰਨਾ ਜੀ। ਈਸ਼ੋ ਵਲੋਂ ਬਲਦੇਵ ਸਿੰਘ ਦੀ ਦਰਦ ਕਹਾਣੀ ਸੁਣਕੇ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਣਤਾ ਦੇਣ ਲਈ ਮਤਾ ਨੰਬਰ 908 ਯੂ ਐਸ ਹਾਊਸ ਆਫ ਰਿਪ੍ਰੇਜ਼ੇਂਟੇਟਿਵਜ ਵਿੱਚ 4 ਫ਼ਰਵਰੀ 2022 ਨੂੰ ਦਰਜ਼ ਹੋਣ ਤੋਂ ਬਾਅਦ ਸਾਕਾ ਨਕੋਦਰ ਦੀ 36 ਸਾਲਾਂ ਦੀ ਨਾ ਇਨਸਾਫੀ ਦਾ ਮੁੱਦਾ ਫੇਰ ਭਖ ਗਿਆ ਹੈ। ਹੁਣ ਇਹ ਮਤਾ 'ਸਾਕਾ ਨਕੋਦਰ ਦਿਵਸ' ਵਜੋਂ ਮਾਣਤਾ ਦੇਣ ਵਾਲੀ ਕਮੇਟੀ ਆਨ ਓਵਰਸਾਈਟ ਐਂਡ ਰਿਫਾਰਮ ਰੈਜ਼ੋਲੂਸ਼ਨ




# ਇਕ ਘਰ ਵਿਚ ਗੋਲੀਆਂ ਮਾਰ ਕੇ ਔਰਤ ਦੀ ਹੱਤਿਆ, ਮੌਕੇ 'ਤੇ ਪੁੱਜੀ ਪੁਲਿਸ ਉਪਰ ਵੀ ਚਲਾਈਆਂ ਗੋਲੀਆਂ, 9 ਪੁਲਿਸ ਅਫਸਰ ਜਖਮੀ

**ਸੈਕਰਾਮੈਂਟੋ** 12 ਫਰਵਰੀ (ਹੁਸਨ ਲੜੋਆ ਬੰਗਾ)- ਫੋਨਿਕਸ ਨੀਮ ਸ਼ਹਿਰੀ ਖੇਤਰ ਵਿਚ ਇਕ ਘਰ ਵਿਚ ਗੋਲੀਆਂ ਮਾਰ ਕੇ ਔਰਤ ਦੀ ਹੱਤਿਆ ਕਰਨ ਉਪਰੰਤ ਮੌਕੇ ਉਪਰ ਪਹੁੰਚੀ ਪੁਲਿਸ 'ਤੇ ਵੀ ਸ਼ੱਕੀ ਹਮਲਾਵਰ ਨੇ ਗੋਲੀਆਂ ਚਲਾ ਕੇ 9 ਪੁਲਿਸ ਅਫਸਰਾਂ ਨੂੰ ਜਖਮੀ ਕਰ ਦਿੱਤਾ। ਪੁਲਿਸ ਦੇ ਬੁਲਾਰੇ ਐਂਡੀ ਵਿਲੀਅਮ ਨੇ ਕਿਹਾ ਹੈ ਕਿ ਜਦੋਂ ਇਕ ਪੁਲਿਸ ਅਫਸਰ ਮੌਕੇ ਉਪਰ ਪੁੱਜਾ ਤਾਂ ਉਸ ਉਪਰ ਸ਼ੱਕੀ ਹਮਲਾਵਰ ਨੇ ਘਾਤ ਲਾ ਕੇ ਹਮਲਾ ਕਰ ਦਿੱਤਾ। ਉਸ ਦੇ ਕਈ ਗੋਲੀਆਂ ਵੱਜੀਆਂ ਪਰ ਉਸ ਨੇ ਕਿਸੇ ਤਰਾਂ ਆਪਣੇ ਆਪ ਨੂੰ ਬਚਾ ਕੇ ਹੋਰ ਪੁਲਿਸ ਅਫਸਰਾਂ ਨੂੰ ਬੁਲਾ ਲਿਆ। ਸ਼ੱਕੀ ਨੇ ਮੌਕੇ ਉਪਰ ਪੁੱਜੇ 9 ਹੋਰ ਪੁਲਿਸ ਅਫਸਰਾਂ ਨੂੰ ਵੀ ਗੋਲੀਆਂ ਮਾਰ ਕੇ ਜਖਮੀ ਕਰ ਦਿੱਤਾ। ਪੁਲਿਸ ਨੇ ਵੀ ਜਵਾਬ ਵਿਚ ਗੋਲੀਆਂ ਚਲਾਈਆਂ। ਬਾਅਦ ਵਿਚ ਸ਼ੱਕੀ ਵਿਅਕਤੀ ਦੀ ਘਰ ਵਿਚੋਂ ਲਾਸ਼ ਮਿਲੀ। ਮੌਕੇ ਉਪਰ ਇਕ ਔਰਤ ਗੰਭੀਰ ਹਾਲਤ ਵਿਚ ਮਿਲੀ ਜੋ ਬਾਅਦ ਵਿਚ ਦਮ ਤੋੜ ਗਈ। ਸ਼ੱਕੀ ਵਿਅਕਤੀ ਦੀ ਪਛਾਣ 36 ਸਾਲਾ ਮੌਰਿਸ ਜੋਨਜ ਵਜੋਂ ਹੋਈ ਹੈ। ਮਾਰੀ ਗਈ ਔਰਤ ਸ਼ੱਕੀ ਦੋਸ਼ੀ ਦੀ ਸਾਬਕਾ ਮਿੱਤਰ ਸੀ। ਪੁਲਿਸ ਨੇ ਉਸ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਹੈ। ਪੁਲਿਸ ਨੂੰ ਘਰ ਵਿਚੋਂ ਇਕ ਛੋਟਾ ਬੱਚਾ ਵੀ ਮਿਲਿਆ ਹੈ ਜੋ ਪੁਲਿਸ ਦੀ ਹਿਰਾਸਤ ਵਿਚ ਹੈ। ਜਖਮੀ ਹੋਏ ਪੁਲਿਸ ਅਫਸਰਾਂ ਦੀ ਹਾਲਤ ਠੀਕ ਦੱਸੀ ਜਾਂਦੀ ਹੈ। ਇਕ ਹੋਰ ਰਿਪੋਰਟ ਅਨੁਸਾਰ ਪਿਛਲੇ 24 ਘੰਟਿਆਂ ਦੌਰਾਨ ਅਮਰੀਕਾ ਵਿਚ ਕੁਲ 15 ਪੁਲਿਸ ਅਫਸਰ ਵੱਖ ਵੱਖ ਘਟਨਾਵਾਂ ਵਿਚ ਗੋਲੀਆਂ ਵੱਜਣ ਕਾਰਨ ਜਖਮੀ ਹੋਏ ਹਨ।



# ਰਸਭਿੰਨਾ ਕੀਰਤਨ ਕਰਨ ਵਾਲੇ ਮਾਸਟਰ ਲਛਮਣ ਸਿੰਘ ਭਵਾਨੀਗੜ੍ਹ




-ਮੇਜਰ ਸਿੰਘ ਨਾਭਾ
ਮੋਬ.-9463553962

ਅਧਿਆਪਕ ਕੌਮ ਦਾ ਨਿਰਮਾਤਾ ਹੈ।ਅੱਜ ਦੇ ਬੱਚੇ ਰਾਸਟਰ ਦੇ ਕੱਲ੍ਹ ਦੇ ਨੇਤਾ ਬਣਨਗੇ।ਬੱਚਿਆਂ ਨੂੰ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ।ਇਸ ਜ਼ਿੰ- ਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਅਨੇਕਾਂ ਗੁਣਾਂ ਦੇ ਮਾਲਕ ਮਾਸਟਰ ਲਛਮਣ ਸਿੰਘ ਸ.ਸ. ਮਾਸਟਰ ਸਰਕਾਰੀ ਸੀਨੀਅਰ ਸੈਕੰ- ਡਰੀ ਸਕੂਲ ਮਾਝੀ (ਸੰਗਰੂਰ) ਤੋਂ 31 ਮਾਰਚ 2020 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿਤਾ ਨੰਬਰਦਾਰ ਮਹਿੰ- ਦਰ ਸਿੰਘ ਦੇ ਘਰ ਮਾਤਾ ਮੁਖਤਿਆਰ ਕੌਰ ਦੀ ਕੁੱਖੋਂ 12 ਅਕਤੂਬਰ 1960 ਨੂੰ ਪਿੰਡ ਫੁੰਮਣਵਾਲ ਜਿਲ੍ਹਾ ਸੰਗਰੂਰ ਵਿਖੇ ਹੋਇਆ।ਉਨ੍ਹਾਂ ਦੇ ਪਿਤਾ ਇੱਕ ਕਿਰਤੀ ਅਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਹਨ ,ਉਨ੍ਹਾਂ ਨੇ ਸਖਤ ਮਿਹਨਤ ਕਰਕੇ ਆਪਣੇ ਬੱਚਿਆਂ ਲਈ ਵਾਹੀਯੋਗ ਜ਼ਮੀਨ ਖਰੀਦ ਕੇ ਉਨ੍ਹਾਂ ਲਈ ਰੋਜ਼ੀ ਰੋਟੀ ਦਾ ਵਸੀਲਾ ਬਣਾ ਦਿੱਤਾ ।



ਲਛਮਣ ਸਿੰਘ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਦੇ ਸਕੂ.ਲ ਤੋਂ ਕਰਨ ਉਪਰੰਤ ਸਰਕਾਰੀ ਮਿਡਲ ਸਕੂਲ ਨਦਾਮਪੁਰ ਤੋਂ ਅੱਠਵੀਂ ਤੱਕ ਦੀ ਪੜ੍ਹਾਈ ਪ੍ਰਾਪਤ ਕੀਤੀ । ਉਨ੍ਹਾਂ ਨੇ ਮੈਟ੍ਰਿਕ ਦੀ ਪ੍ਰੀਖਿਆ ਸ.ਹ.ਸ. ਬਾਲਦ ਕਲਾਂ ਤੋਂ 1979 ਵਿੱਚ ਪਾਸ ਕੀਤੀ।ਬੀ.ਏ. ਦੀ ਪੜ੍ਹਾਈ ਉਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਭਵਾਨੀਗੜ੍ਹ ਤੋਂ 1984 'ਚ ਪ੍ਰਾਪਤ ਕੀਤੀ । ਉਨ੍ਹਾਂ ਨੇ 1987 ਵਿੱਚ ਐਮ.ਏ. ਹਿਸਟਰੀ ਪੰਜਾਬੀ ਯੂਨੀਵਰਸਿਟੀ ਪੰਜਾਬੀ ਕੈਂਪਸ ਤੋਂ ਪਾਸ ਕਰ ਲਈ ।

ਉਨ੍ਹਾਂ ਨੇ 1989 ਵਿੱਚ ਅਧਿਆਪਕ ਬਣਨ ਦਾ ਸੁਪਨਾ ਲੈ ਕੇ ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ਼ ਐਜੁਕੇਸ਼ਨ , ਗੁਰੂ ਸਰ ਸਧਾਰ ( ਲੁਧਿਆਣਾ ) ਤੋਂ ਬੀ.ਐਡ ਕਰ ਲਈ।ਦ੍ਰਿੜ ਇਰਾਦੇ ਅਤੇ ਲਗਨ ਦੀ ਭਾਵਨਾ ਨੇ ਸਿੱਖਿਆ ਨਾਲ ਗੂੜ ਸਾਂਝ ਪਾਉਣ ਸਦਕਾ ਉਨ੍ਹਾਂ ਨੇ 1991 ਵਿੱਚ ਸਰਕਾਰੀ ਐਜੁਕੇਸ਼ਨ ਕਾਲਜ ਪਟਿਆਲਾ ਤੋਂ ਐਮ.ਐਡ. ਕਰਨ ਉਪਰੰਤ ਨਿਰੰਤਰ ਉਚੇਰੀ ਪੜ੍ਹਾਈ ਜਾਰੀ ਰੱਖਦੇ ਹੋਏ 1990 ਵਿੱਚ ਬੀ.ਲਿਬ. ਇਨਫਰਮੇਸ਼ਨ ਸਾਇੰਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੈਂਪਸ ਤੋਂ ਪਾਸ ਕਰਕੇ ਆਪਣੀ ਵਿਦਿਅਕ ਯੋਗਤਾ 'ਚ ਵਾਧਾ ਕੀਤਾ ਜੋ ਕਿ ਇੱਕ ਪੇਂਡੂ ਪਿਛੋਕੜ ਵਾਲੇ ਵਿਦਿਆਰਥੀ ਲਈ ਮਾਣ ਵਾਲੀ ਗੱਲ ਹੈ ।



ਮਾਸਟਰ ਲਛਮਣ ਸਿੰਘ ਭਵਾਨੀਗੜ੍ਹ

ਸ੍ਰ. ਲਛਮਣ ਸਿੰਘ ਨੇ ਜਿਲ੍ਹਾ ਭਲਾਈ ਅਫਸਰ ਪਟਿਆਲਾ ਦੇ ਅਧੀਨ ਬਤੌਰ ਆਲੋਅਰਖ ( ਸੰਗਰੂਰ ) ਵਿਖੇ ਸੇਵਾ ਆਰੰਭ ਕੀਤੀ ।ਇਥੇ ਉਨ੍ਹਾਂ ਨੇ ਬਤੌਰ ਹੋਸਟਲ ਵਾਰਡਨ 1990 ਤੋਂ ਲੈ ਕੇ 1996 ਤੱਕ ਸੇਵਾ ਨਿਭਾਈ ।ਸਿੱਖਿਆ ਵਿਭਾਗ ਵਿੱਚ ਬਤੌਰ ਸ.ਸ. ਮਾਸਟਰ ਨਿਯੁਕਤੀ ਹੋਣ ਉਪਰੰਤ 17 ਜੁਲਾਈ 1997 ਨੂੰ ਸਰਕਾਰੀ ਮਿਡਲ ਸਕੂਲ ਸਕੂਲ ਇੰਚਾਰਜ਼ ਇਮਾਨਦਾਰੀ ਨਾਲ ਲੰਬਾ ਸਮਾਂ ਸੇਵਾ ਨਿਭਾਈ ।ਉਹ ਸਰਕ- ਾਰੀ ਹਾਈ ਸਕੂਲ ਮਾਝੀ ਵਿਖੇ 30 ਸਤੰਬਰ 2010 ਨੂੰ ਹਾਜ਼ਰ ਹੋ ਗਏ ਅਤੇ ਲੰਬਾ ਸਮਾਂ ਸਕੂਲ ਇੰਚਾਰਜ ਰਹਿ ਕੇ ਸਕੂਲ ਦੀ ਬਿਹਤਰੀ ਲਈ ਕੰਮ ਕੀਤਾ । ਉਨ੍ਹਾਂ ਸਕੂਲ ਦੇ ਬੱਚਿਆਂ ਦੀ ਖਾਸ ਕਰਕੇ ਲੜਕੀਆਂ ਦੀ ਦੂਰ ਬਾਲਦ ਕਲਾਂ ਪ੍ਰੀਖਿਆ ਕੇਂਦਰ ਜਾ ਕੇ ਪ੍ਰੀਖਿਆ ਦੇਣ ਦੀ ਔਖਿਆਈ ਨੂੰ ਦੇਖਦਿਆਂ ਸਟਾਫ ਦੇ ਸਹਿਯੋਗ ਨਾਲ ਬੋਰਡ ਦੀਆਂ ਪ੍ਰੀ- ਖਿਆਵਾਂ ਲਈ ਪ੍ਰੀਖਿਆ ਕੇਂਦਰ ਸਥਾਪਤ ਕਰਵਾਇਆ , ਜਿਸ ਲਈ ਮੇਜਰ ਸਿੰਘ ਸ.ਸ. ਮਾਸਟਰ ਨੇ ਬੋਰਡ ਦੇ ਦਫਤਰ ਦੀ ਸਾਰੀ ਕਾਰਵਾਈ ਮੁਕੰ- ਮਲ ਕਰਨ ਲਈ ਅਹਿਮ ਰੋਲ ਨਿਭਾਇਆ ।ਉਨ੍ਹਾਂ ਨੇ ਸਕੂਲ ਦੇ ਅਪ- ਗਰੇਡ ਕਰਾਉਣ ਲਈ ਪੰਚਾਇਤ ਨੂੰ ਪੂਰਨ ਸਹਿਯੋਗ ਕਿਸੇ ਵੀ ਲੋੜੀਂਦੀ ਕਾਗਜ਼ੀ ਕਾਰਵਾਈ ਨੂੰ ਸਮੇਂ ਸਿਰ ਕਰਕੇ ਸਕੂਲ ਨੂੰ ਸੀਨੀਅਰ ਸੈਕੰਡਰੀ ਬਣਵਾਉਣ 'ਚ ਅਹਿਮ ਰੋਲ ਅਦਾ ਕੀਤਾ ।ਸ. ਲਛਮਣ ਸਿੰਘ ਨੇ ਆਪਣੇ ਕੰਮ ਪ੍ਰਤੀ ਕਦੇ ਵੀ ਕੁਤਾਹੀ ਨਹੀਂ ਕੀਤੀ, ਸਮੂਹ ਸਟਾਫ ਦੇ ਕੰਮਾਂ ਨੂੰ ਸਕੂਲ ਇੰ- ਚਾਰਜ਼ ਸਮੇਂ ਪਹਿਲ ਦੇ ਆਧਾਰ ਤੇ ਹੱਲ ਕਰਵਾਉਂਦੇ ਰਹੇ ।ਉਹ ਲੋੜਵੰਦਾਂ ਦੀ ਹਮੇਸ਼ਾ ਮਦਦ ਕਰਦੇ ਰਹਿੰਦੇ ਹਨ ।



ਸਕੂਲ ਦੀ ਚਾਰ ਦਿਵਾਰੀ,ਕਮਰੇ ਅਤੇ ਦਫਤਰ ਦੀ ਉਸਾਰੀ ਉਨ੍ਹਾਂ ਦੀ ਨਿਗਰਾਨੀ ਹੇਠ ਵਧੀਆ ਢੰਗ ਨਾਲ ਬਣਵਾਏ ।ਉਨ੍ਹਾਂ ਨੇ ਸਕੂਲ ਮੈਗਜ਼ੀਨ ਪ੍ਰਕਾਸ਼ਿਤ ਕਰ- ਾਉਣ 'ਚ ਅਹਿਮ ਭੂਮਿਕਾ ਨਿਭਾਈ ।ਉਨ੍ਹਾਂ ਨੇ ਜੇਬ 'ਚੋਂ ਪੈਸੇ ਖਰਚਣ ਲਈ ਕਦੇ ਹੱਥ ਨਹੀਂ ਘੁਟਿਆ ।ਸਕੂਲ ਇੰਚਾਰਜ ਹੋਣ ਕਰਕੇ ਸਕੂਲ ਦੀ ਸਾਰੀ ਬਿਲਡਿੰਗ ਦਾ ਨਿ- ਰਮਾਣ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕਰਵਾਇਆ ।ਉਨ੍ਹਾਂ ਨੇ ਆਪਣੇ ਅਧਿਆਪਨ ਸਫਰ ਦੌਰਾਣ ਸਕੂਲ ਦੀਆਂ ਹੋਰ ਵਾਧੂ ਡਿਊਟੀਆਂ ਨੂੰ ਹਮੇਸ਼ਾਂ ਇਮਾਨਦਾਰੀ ਨਾਲ ਖਿੜੇ ਮੱਥੇ ਨਿਭਾਇਆ ਹੈ।ਸਕੂਲ ਦੇ ਕਲੈਰੀਕਲ ਕੰਮਾਂ ਦੀ ਜੋ ਉਨ੍ਹਾਂ ਡਿਊਟੀ ਸਾਂਭੀ ਉਹ ਸਮੇਂ ਸਿਰ ਕੰਮ ਕਰਦੇ ਰਹੇ ਹਨ ।ਉਹ ਮਿੱਠ ਬੋਲੜੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ ।

ਉਨ੍ਹਾਂ ਦਾ ਵਿਆਹ ਮਈ 1993 ਨੂੰ ਪਿੰਡ ਰਾਮਗੜ੍ਹ ਦੇ ਧਾਰਮਿਕ ਬਿਰਤੀ ਵਾਲੇ ਮਾਸਟਰ ਸੁਖਦੇਵ ਸਿੰਘ ਦੀ ਬੇਟੀ ਹਰਜੀਤ ਕੌਰ ਨਾਲ ਹੋ ਗਿਆ।ਉਨ੍ਹਾਂ ਦੇ ਘਰ ਬੇਟੇ ਸੰਦੀਪ ਸਿੰਘ ਅਤੇ ਬੇਟੀ ਜਸਪ੍ਰੀਤ ਕੌਰ ਨੇ ਜਨਮ ਲਿਆ । ਬੇਟੇ ਨੇ ਬੀ.ਫਾਰਮੇਸੀ ਦੀ ਡਿਗਰੀ ਕੀਤੀ ਹੈ ।ਬੇਟੀ ਬੀ.ਕਾਮ. ਪਾਸ ਕਰਕੇ ਬੀ.ਐਡ. ਕਰ ਰਹੀ ਹੈ । ਉਨ੍ਹਾਂ ਦੀ ਨੂੰਹ ਮਨਪ੍ਰੀਤ ਕੌਰ ਬਿਜਲੀ ਬੋਰਡ ਵਿੱਚ ਬਤੌਰ ਐਲ.ਡੀ.ਸੀ. ਕਲਰਕ ਡਿਊਟੀ ਨਾਭਾ ਵਿਖੇ ਨਿਭਾ ਰਹੀ ਹੈ ।ਪੋਤੇ ਅਕਾਲਵੀਰ ਸਿੰਘ ਨੇ ਉਨ੍ਹਾਂ ਦੇ ਘਰ ਦੀ ਰੌਣਕ 'ਚ ਵਾਧਾ ਕੀਤਾ ਹੈ।ਉਹ ਬਚਪਨ ਤੋਂ ਧਾਰਮਿਕ ਬਿਰਤੀ ਵਾਲੇ ਇਨਸਾਨ ਹਨ।ਲੰਬੇ ਸਮੇਂ ਤੋਂ ਉਹ ਰਾੜਾ ਸਾਹਿਬ ਸੰਪ੍ਰਦਾਇ ਵਾਲਿਆਂ ਦੇ ਮਹਾਂ ਪੁਰਸ਼ਾਂ ਦੇ ਧਾਰਮਿਕ ਸਮਾਗਮਾਂ 'ਚ ਕੀਰਤਨ ਦੀ ਹਾਜ਼ਰੀ ਲੁਆਂਦੇ ਆ ਰਹੇ ਹਨ ।ਅਨੇਕਾਂ ਮਹਾਂ-ਪੁਰਸ ਉਨ੍ਹਾਂ ਨੂੰ ਧਾਰਮਿਕ ਸਮ- ਾਗਮਾਂ ਵਿੱਚ ਸਨਮਾਨਿਤ ਕਰ ਚੁੱਕੇ ਹਨ ।ਆਪਣੇ ਮੁਹੱਲੇ ਦੇ ਗੁਰੂ ਘਰ ਉਹ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ । ਪਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ ਅਤੇ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦਾ ਬਲ ਬਖਸ਼ੇ।

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES
WASH, LUBE, BRAKES

Call:
530-824-5134


LUCAS OIL LUCAS INJECTOR CLEANER $28.99

Call:
650-642-0697

3525 Highway 99, West Corning, CA 96021
Across the Street from TA Truck Stop

### 16 ਫਰਵਰੀ ਆਗਮਨ ਪੁਰਬ 'ਤੇ ਵਿਸ਼ੇਸ਼

# ਰਵਿਦਾਸ ਠਾਕੁਰ ਬਣਿ ਆਈ





**ਸੰਤ ਸਤਵਿੰਦਰ ਹੀਰਾ**
ਰਾਸ਼ਟਰੀ ਪ੍ਰਧਾਨ, ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ
ਮੋਬਾ: 82691-30007, 9814113734
Email- hirasingh22@yahoo.com

"ਚੌਦਹ ਸੋ ਤੈਂਤੀਸ ਕੋ ਮਾਘ ਸੁਦੀ ਪੰਦਰਸ।
ਦੁਖਿਯੋਂ ਕੇ ਕਲਿਆਣ ਹਿੱਤ ਪ੍ਰਗਟੈ ਸ੍ਰੀ ਰਵਿਦਾਸ।।

ਸ੍ਰੀ ਗੁਰੂ ਰਵਿਦਾਸ ਜੀ ਨੇ 25 ਜਨਵਰੀ 1377 ਈਸਵੀ ਭਾਵ 1433 ਸੰਮਤ ਬਿਕਰਮੀ ਮਾਘ ਪੂਰਨਿਮਾ, ਦਿਨ ਐਤਵਾਰ ਨੂੰ ਅਵਤਾਰ ਧਾਰਿਆ।

ਆਪ ਜੀ ਦੇ ਪਿਤਾ ਜੀ ਦਾ ਨਾਂਅ ਸ੍ਰੀ ਸੰਤੋਖ ਦਾਸ ਜੀ ਉਰਫ਼ ਰਘੂ (ਰਾਘਵ) ਸੀ ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਕਰਮਾ ਉਰਫ਼ ਕਲਸਾਂ ਦੇਵੀ ਸੀ। ਉੱਚ ਕੋਟੀ ਦੇ ਵਿਦਵਾਨਾਂ ਦੀ ਅਣਥੱਕ ਖੋਜ ਅਤੇ ਸੁੱਘੜ ਵਿਚਾਰਧਾਰਾ ਤੋਂ ਨਿਰਨਾ ਮਿਲਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਕਾਂਸ਼ੀ, ਬਨਾਰਸ, ਯੂ.ਪੀ. ਵਿਚ ਹੋਇਆ। ਆਪ ਜੀ ਦਾ ਜਨਮ ਚਮਾਰ ਜਾਤੀ ਦੇ ਜੱਸਲ ਗੋਤਰ ਵਿਚ ਹੋਇਆ।

ਉਸ ਸਮੇਂ ਵੱਖ-ਵੱਖ ਰਿਆ-ਸਤਾਂ ਅਤੇ ਭਿੰਨ-ਭਿੰਨ ਲਿਪੀਆਂ ਹੋਣ ਕਰਕੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਕਈ ਵੱਖਰੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਪੰਜਾਬ ਅਤੇ ਹਰਿਆਣਾ ਵਿਚ ਗੁਰੂ ਰਵਿਦਾਸ ਜੀ, ਬੰਗਾਲ ਵਿਚ ਰਣਦਾਸ ਜਾਂ ਰੋਈਦਾਸ, ਗੁਜਰਾਤ ਵਿਚ ਰੋਹੀਦਾਸ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਰੈਦਾਸ, ਬੀਕਾਨੇਰ (ਰਾਜਸਥਾਨ) ਵਿਚ ਰਹਦਾਸ ਨਾਂਅ ਪ੍ਰਚਲਿਤ ਹਨ।

ਆਪ ਪਿਤਾ ਪੁਰਖੀ ਪੇਸ਼ੇ ਤੋਂ ਕਿਰਤ ਕਮਾਈ ਕਰਦੇ ਸਨ। ਸਾਰੀ ਕਮਾਈ ਸੰਗਤ, ਪੰਗਤ ਅਤੇ ਲੰਗਰ ਦੀ ਸੇਵਾ ਉੱਪਰ ਲਾ ਦਿੰਦੇ ਸਨ। ਇਸੇ ਕਰਕੇ ਆਪ ਦੇ ਪਿਤਾ ਜੀ ਨੇ ਆਪ ਜੀ ਦੀ ਸ਼ਾਦੀ ਕਰਕੇ ਅਲੱਗ ਕਰ ਦਿੱਤਾ ਅਤੇ ਘਰ ਦੇ ਪਿੱਛੇ ਛੋਟੀ ਜਿਹੀ ਝੌਂਪੜੀ ਬਣਾ ਦਿੱਤੀ ਜੋ ਬਾਅਦ ਵਿਚ ਆਸ਼ਰਮ ਬਣ ਗਿਆ। ਆਪ ਜੀ ਦੀ ਸੁਪਤਨੀ ਦਾ ਨਾਂਅ ਲੋਨਾ ਸੀ ਜੋ ਮਿਰਜ਼ਾਪੁਰ ਤੋਂ ਸੀ। ਉਹ ਸ੍ਰੀ ਗੁਰੂ ਰਵਿਦਾਸ ਜੀ ਦੇ ਹਰ ਕੰਮਕਾਜ, ਵਰਤੋਂ ਵਿਹਾਰ ਵਿਚ ਉੱਚਤਾ-ਸੁਚੱਜਤਾ, ਸਬਰ-ਸੰਤੋਖ, ਸਤਿ ਅਤੇ ਕਰ-ਮਸ਼ੀਲਤਾ ਨਾਲ ਹੱਥ ਵਟਾਉਂਦੀ ਸੀ ਅਤੇ ਸਵੈਮਾਣਤਾ ਤੇ ਇਕਸਾਰਤਾ ਦੇ ਸੁਭਾਅ ਦੀ ਆਦਿ ਧਰਮ ਨਿਪੁੰਨ ਸ਼ਖ਼ਸੀਅਤ ਸਨ।

ਰਵਿਦਾਸ ਠਾਕੁਰ ਬਣਿ ਆਈ

ਜੋਤੀ ਸਵਰੂਪ ਸਤਿਗੁਰੂ ਰਵਿਦਾਸ ਜੀ ਬਚਪਨ ਤੋਂ ਹੀ ਸਹਿਣਸ਼ੀਲ, ਰੱਬੀ ਰਜ਼ਾ ਵਿਚ ਰਹਿਣ ਵਾਲੇ, ਦੁੱਖ-ਸੁੱਖ ਤੋਂ ਨਿਰਲੇਪ, ਮਾਇਆ ਤਿਆਗੀ, ਨਿਰਭੈ, ਨਿਰਵੈਰ, ਕੋਮਲ ਤੇ ਵਿਮਲ ਹਿਰਦੇ ਵਾਲੇ, ਮਧੂ ਵਚਨ ਬੋਲ ਕੇ ਹਰ ਸ਼ਖ਼ਸੀਅਤ ਨੂੰ ਮੋਹ ਲੈਣ ਵਾਲੇ, ਚੇਤੰਨ ਚਿੰਤਕ, ਬ੍ਰਹਮ ਸਰੂਪ ਸਨ। ਆਪ ਸਤਿ, ਸੰਤੋਖ, ਵਿਚਾਰ ਨਾਲ ਜੁੜੇ, ਪ੍ਰੇਮਾ ਭਗਤੀ ਅਤੇ ਮਾਇਆ ਤਿਆਗ ਦੀ ਪ੍ਰਤੱਖ ਮੂਰਤ ਸਨ। ਆਪ ਨਿਰਗੁਣ, ਨਿਰਾਕਾਰ ਬ੍ਰਹਮ ਦੇ ਉਪਾਸਕ, ਸਮੁੱਚੀ ਮਾਨਵਤਾ ਦੇ ਉਪਦੇਸ਼ਕ, ਸੰਤ ਸ਼੍ਰੋਮਣੀ ਮਹਾਂ ਮਾਨਵ ਸਨ ਅਤੇ ਅਨਿਆਂ ਦੇ ਸਾਹਮਣੇ ਕਦੇ ਵੀ ਨਹੀਂ ਝੁਕਦੇ ਸਨ। ਆਪ ਜੀ ਨੇ ਆਪਣਾ ਸੰਪੂਰਨ ਜੀਵਨ ਮਾਨਵ ਕਲਿਆਣ ਲਈ ਸਮਰਪਿਤ ਕਰ ਦਿੱਤਾ। ਆਪ ਜੀ ਦਾ ਜੀਵਨ ਅੰਮ੍ਰਿਤ ਦੀ ਤਰ੍ਹਾਂ ਪਵਿੱਤਰ ਹੈ। ਸਤਿਗੁਰੂ ਰਵਿਦਾਸ ਜੀ ਕੋਲ ਅਜਿਹੀ ਰੂਹਾਨੀ ਖਿੱਚ ਸੀ ਕਿ ਕਾਂਸ਼ੀ ਦੇ ਬ੍ਰਾਹਮਣ ਤਾਂ ਕੀ ਸਗੋਂ ਛੱਤਰਪਤੀ ਸ਼ਹਿਨਸ਼ਾਹ ਵੀ ਆਪ ਜੀ ਦੇ ਚਰਨੀ ਸ਼ਰਨੀ ਲੱਗਦੇ ਸਨ ਅਤੇ ਸ਼ਾਹੀ ਖ਼ਾਨਦਾਨ ਦੀਆਂ ਰਾਜਕੁਮਾਰੀਆਂ ਅਤੇ ਮਹਾਰਾਣੀਆਂ ਜਿਵੇਂ ਕਿ ਰਾਣੀ ਝਾਲਾਂ ਜੀ ਅਤੇ ਰਾਜ ਕੁਮਾਰੀ ਮੀਰਾ ਜੀ ਵੀ ਸਤਿਗੁਰੂ ਰਵਿਦਾਸ ਜੀ ਨੂੰ ਆਪਣਾ ਗੁਰੂ ਮੰਨ-ਦੀਆਂ ਸਨ। ਆਪ ਸਤਿਸੰਗ ਅਹਾਤੇ ਵਿਚ ਐਸਾ ਮਦਹੋਸ਼ ਗੁਰਬਾਣੀ ਜਾਮ ਪਿਲਾਉਂਦੇ ਕਿ ਜੋ ਵੀ ਪੀ ਲੈਂਦਾ, ਡੋਲ ਜਾਂਦਾ ਅਤੇ ਸਰੂਰ ਵਿਚ ਹੋਰ ਜਾਮ ਪਿਆਲੀ ਲਈ ਭਟਕਦਾ ਗੇੜੇ ਘੱਤਦਾ ਰਹਿੰਦਾ।

ਆਪ ਜੀ ਦਾ ਜਨਮ ਭਾਰਤੀ ਮੱਧਕਾਲ ਸਮੇਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲਗਭਗ 91 ਸਾਲ ਪਹਿਲਾਂ ਹੋਇਆ। ਉਸ ਸਮੇਂ ਅਨੁਸੂਚਿਤ ਜਾਤੀਆਂ ਅਨੁਸੂਚਿਤ ਜਨ ਜਾਤੀਆਂ ਅਤੇ ਪਛੜੀਆਂ ਜਾਤੀਆਂ ਭਾਵ ਚਮਾਰ, ਘੁਮਿਆਰ, ਸੁਨਿਆਰ, ਲੁਹਾਰ, ਤਰਖਾਣ, ਨਾਈ, ਝਿਊਰ, ਛੀਂਬੇ ਅਤੇ ਖੇਤੀਬਾੜੀ ਕਰਨ ਵਾਲੇ ਕਿਸਾਨਾਂ ਨੂੰ ਵੇਦਾਂ ਦੀ ਰਚਨਾ ਤੋਂ ਲੈ ਕੇ ਲਗਭਗ ਸਤਾਰਵੀਂ-ਅਠਾਰਵੀਂ ਸਦੀ ਤੱਕ ਵਿਦਿਆ, ਪੂਜਾ, ਸੰਪਤੀ, ਪੇਸ਼ਾ, ਤਜਾਰਤ ਦਾ ਅਧਿਕਾਰ ਤਾਂ ਇਕ ਪਾਸੇ ਸਦੈਵ ਸਮਸਤਾ, ਇਕਸਾਰਤਾ, ਇਕਰੂਪਤਾ, ਭਾਈਚਾਰਕਤਾ, ਧਾਰਮਿਕ ਸੁਤੰਤਰਤਾ, ਮਾਨਵੀ ਅਤੇ ਸੰਸਕ੍ਰਿਤਕ ਮੁੱਲਾਂ ਦੇ ਅਧਿਕਾਰਾਂ ਦੀ ਜਗ੍ਹਾ ਗਤੀਹੀਣ ਗ਼ੁਲਾਮ ਸਮਝਣਾ, ਪਰਛਾਵੇਂ ਤੋਂ ਦੂਰ ਰੱਖਣਾ, ਨਫ਼ਰਤ ਵਾਲਾ ਸਲੂਕ ਕਰਨਾ ਅਤੇ ਨੀਵਾਂ ਵੇਖਿਆ ਜਾਂਦਾ ਸੀ ਤੇ ਚੌਥੇ ਦਰਜੇ ਦੇ ਸੇਵਕ ਮੰਨੇ ਜਾਂਦੇ ਹਨ। ਦੂਜੇ ਪਾਸੇ ਸੱਤਾ ਦਾ ਰੌਲ਼ਾ-ਗੌਲ਼ਾ ਸੀ ਅਤੇ ਮੁਗ਼ਲ ਸ਼ਹਿਨਸ਼ਾਹ ਅੱਯਾਸ਼ੀ, ਸ਼ਬਾਬ, ਕਬਾਬ ਤੇ ਹਵਸ ਦੇ ਸ਼ੌਕੀਨ ਸਨ। ਤਾਕਤ ਦੇ ਨਸ਼ੇ ਵਿਚ ਮਨ ਮਰਜ਼ੀ ਦੇ ਮਾਲਕ ਸਨ। ਹਿੰਦੂ ਰਾਜੇ ਤੇ ਸਲਾਹਕਾਰ ਬ੍ਰਾਹਮਣ ਕਰਮ ਕਾਂਡਾਂ, ਊਚ-ਨੀਚ, ਜਾਤ-ਪਾਤ ਅਤੇ ਪੂਜਾ ਵਿਧੀਆਂ ਵਿਚ ਫਸੇ ਆਪਸ ਵਿਚ ਹੀ ਵੰਡੇ ਗਏ ਸਨ।

ਸ੍ਰੀ ਗੁਰੂ ਰਵਿਦਾਸ ਜੀ ਦੀਆਂ ਰਚਨਾਵਾਂ ਰਸ ਅਤੇ ਅਲੰਕਾਰ ਭਰਪੂਰ ਹਨ, ਉਪਦੇਸ਼ ਤੇ ਸੰਦੇਸ਼ ਪ੍ਰਧਾਨ ਹਨ, ਨਿੱਜੀ ਸੁਭਾਵਿਕ, ਸਵੈਪ੍ਰਕਾਸ਼, ਆਦਰਸ਼ਵਾਦੀ ਰਹੱਸਮਈ ਅਨੁਭਵਾਂ 'ਤੇ ਆਧਾਰਿਤ ਹਨ। ਕਿਸੇ ਵੀ ਗ੍ਰੰਥ, ਵੇਦ, ਉਪਨਿਸ਼ਦ ਜਾਂ ਪੁਰਾਣ ਉੱਤੇ ਆਧਾਰਿਤ ਨਹੀਂ ਹਨ। ਆਪ ਜੀ ਦੇ ਵਿਚਾਰਾਂ ਵਿਚ ਪ੍ਰਤੱਖ ਮਿਠਾਸ, ਮਾਸੂਮਤਾ, ਆਦਰਸ਼ ਗਿਆਨ, ਭਗਤੀ ਦਾ ਰਚਨਾਤਮਿਕ ਵਿਵੇਚਨ, ਸਰਲਤਾ, ਪ੍ਰਮਾਣਿਕਤਾ, ਸੰਜਮਤਾ, ਮਾਨਵਤਾਵਾਦ ਅਤੇ ਆਦਿ ਧਰਮ ਸਮਭਾਵ ਦਾ ਸੁਮੇਲ ਹੈ। ਆਪ ਜੀ ਦੀ ਬਾਣੀ ਸ਼ੀਤਲ, ਸਰਬ-ਸ਼੍ਰੇਸ਼ਠ ਅਤੇ ਸਰਬ ਉੱਚ ਹੈ। ਆਪ ਗਿਆਨ ਅਨੁਰਾਗੀ ਹੀ ਨਹੀਂ ਸਨ ਸਗੋਂ ਰਸਿਕ ਬੈਰਾਗੀ ਵੀ ਸਨ। ਆਪ ਜੀ ਦੀ ਪਾਵਨ ਬਾਣੀ ਸੰਗੀਤ ਤੱਤਾਂ ਨਾਲ ਭਰਪੂਰ ਤੇ ਸਰਬੋਤਮ ਸ਼ਬਦਾਵਲੀ ਉਸ ਸਮੇਂ ਦੀ ਪੁਕਾਰ ਅਤੇ ਮੁੱਖ ਲੋੜ ਸੀ।

ਆਪ ਜੀ ਦੇ ਜੀਵਨ ਦਾ ਆਦਰਸ਼ ਮੱਧਕਾਲੀਨ ਭਾਰਤੀ ਇਤਿਹਾਸ ਦੇ ਯੁੱਗ ਵਿਚ ਨੈਤਿਕ ਚੇਤਨਾ ਰਾਹੀਂ ਸੰ-ਸਕ੍ਰਿਤਿਕ, ਆਰਥਿਕ ਅਸਮਾਨਤਾ, ਸਮਾਜਿਕ ਕੁਰੀਤੀਆਂ ਭਾਵ ਮਾਨਸ ਵਿਤਕਰਾ, ਧਾਰਮਿਕ ਅਡੰਬਰਾਂ, ਦਾਰਸ਼ਨਿਕ, ਨੈਤਿਕ, ਰਾਜਨੀਤਿਕ ਕੂਟਨੀਤਕ ਚਾਲਾਂ, ਊਚ ਨੀਚ ਦੀ ਭਾਵਨਾ ਦੇ ਵਿਰੁੱਧ ਮਧੁਰਤਾ ਅਤੇ ਨਿਮਰਤਾ ਦੀ ਬਾਣੀ ਰਾਹੀਂ ਵਿਗੜੇ ਹੋਏ ਸਮਾਜ ਵਿਚ ਆਦਿ ਧਰਮ ਦੁਆਰਾ ਇਨਸਾਨੀਅਤ ਦੇ ਹੱਕਾਂ ਦਾ ਅਹਿਸਾਸ ਜਗਾਉਣਾ ਸੀ। ਸਤਿਗੁਰੂ ਰਵਿਦਾਸ ਜੀ ਨੇ ਅਨੇਕਾਂ ਕਸ਼ਟ ਸਹਾਰਦੇ ਹੋਏ ਲਗਭਗ 60,000 ਕਿਲੋਮੀਟਰ ਪੈਦਲ ਚੱਲ ਕੇ ਸਮੁੱਚੀ ਮਨੁੱਖਤਾ ਨੂੰ ਸਤਿ, ਸ਼ੁੱਧ, ਸੁਚੱਜਾ ਤੇ ਉਸਾਰੂ ਜੀਵਨ ਜਿਊਣ ਦੀ ਉੱਤਮ ਸੇਧ ਦਿੱਤੀ।

ਸ੍ਰੀ ਗੁਰੂ ਰਵਿਦਾਸ ਜੀ ਆਪਣੀ ਸਾਰੀ ਕਿਰਤ ਕਮਾਈ ਸਮੂਹ ਜਨ ਸੰਗਤ, ਪੰਗਤ ਅਤੇ ਲੰਗਰ ਦੀ ਸੇਵਾ ਉੱਪਰ ਲਾ ਕੇ ਆਦਿ ਧਰਮ ਦੇ ਨਿਯਮਾਂ ਨੂੰ ਪ੍ਰਫੁਲਿਤ ਕਰ ਰਹੇ ਸਨ। ਆਪ ਜੀ ਨੇ ਸਰਬ ਸਾਂਝੀਵਾਲਤਾ ਵਿਚ ਬੈਠ ਕੇ ਲੰਗਰ ਦੀ ਪ੍ਰੰਪਰਾ ਚਲਾਈ ਅਤੇ ਇਸ ਦੇ ਲਈ ਆਪ ਜੀ ਨੇ ਦੌਲਤਮੰਦਾਂ ਤੋਂ ਧਨ-ਦੌਲਤ ਸਵੀਕਾਰ ਨਹੀਂ ਕੀਤੀ, ਨਾ ਹੀ ਪਾਖੰਡ ਨਾਲ ਹਥਿਆਈ ਅਤੇ ਨਾ ਹੀ ਭੀਖ ਮੰਗੀ। ਆਪ ਜੀ ਨੇ ਨਾ ਬੋਦੀ ਰੱਖੀ ਤੇ ਨਾ ਹੀ ਪਹਿਰਾਵਾ ਬਦਲਿਆ ਸਗੋਂ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਇਨ੍ਹਾਂ ਪਾਖੰਡੀ ਬਾਣੇ ਵਾਲਿਆਂ ਦੀ ਨਿ-ਦਿਆਂ ਕੀਤੀ ਤੇ ਸੰਸਾਰਿਕ ਮਾਨਵ ਨੂੰ ਨੈਤਿਕ ਜੀਵਨ, ਅਧਿਆਤਮਿਕ ਤਾਂਘ ਅਤੇ ਸੁੱਖ-ਸ਼ਾਂਤੀ ਨਾਲ ਬਰਾਬਰਤਾ ਤੇ ਸਾਂਝੇ ਸਭਿਆਚਾਰ ਵਿਚ ਰਹਿਣ ਦਾ ਉਪਦੇਸ਼ ਦਿੱਤਾ।

**ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ।।੨।।**

ਆਪ ਜੀ ਨੇ ਕਿਰਤ ਦੀ ਕਦਰ ਕੀਤੀ, ਲੋਕਾਂ ਨੂੰ ਨੇਕ ਨੀਤੀ ਨਾਲ, ਸਦਾਚਾਰ ਨੂੰ ਉੱਚਾ ਰੱਖ ਕੇ, ਕਿਰਤ ਕਰਨ ਲਈ ਉਕਸਾਇਆ ਅਤੇ ਵਿਹਲੜ ਪੁਣੇ ਦਾ ਵਿਰੋਧ ਕੀਤਾ।

ਬ੍ਰਹਮਨ ਵੈਸ਼ ਸੂਦ ਅਰੁ ਖਤ੍ਰੀ ਡੋਮ ਚੰਡਾਲ ਮਲੇਛ ਮਨ ਸੋਇ।।
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।।
(ਆਦਿ ਗ੍ਰੰਥ ਪੰਨਾ ੯੫੯)

ਗੁਰੂ ਰਵਿਦਾਸ ਜੀ ਸਿੱਧੇ-ਸਾਦੇ ਰੂਪ ਵਿਚ ਵਿਰਾ-ਸਤੀ ਪੇਸ਼ੇ ਵਿਚ ਮਸਤ, ਉੱਚ ਕੋਟੀ ਦੇ ਸਦਾਚਾਰਕ, ਯਥਾਰਥਕ, ਤਰਕਸ਼ੀਲਤਾ ਦੀ ਤਰਾਜ਼ੂ 'ਤੇ ਤੋਲਣ ਵਾਲੇ, ਨਿ-ਰਗੁਣ ਬ੍ਰਹਮ ਦੇ ਇਕਬਾਲੀ ਸਾਧਕ ਸਨ। ਆਪ ਜੀ ਦੀ ਧਾਰਨਾ ਸੀ ਕਿ ਇਸ ਧਰਤੀ ਉੱਪਰ ਪੈਦਾ ਹੋਇਆ ਹਰ ਪ੍ਰਾਣੀ ਸਦਾਚਾਰਕ ਬੁਨਿਆਦ ਉੱਪਰ ਗਿਆਨ ਤੇ ਕਰਮਯੋਗ ਸਥਿਤੀ ਪਾ ਕੇ, ਭਗਵੰਤ ਭਜਨ ਨਾਲ ਅਨਿਨ ਅਵਸਥਾ ਵਿਚ ਪੁਨੀਤ ਹੋ ਸਕਦਾ ਹੈ। ਕਿਸੇ ਵੀ ਕੁੱਲ ਜਾਂ ਜਾਤ ਵਿਚ ਜਨਮ ਲੈਣ ਜਾਂ ਉੱਚਾ ਨਾਮ ਰੱਖਣ ਨਾਲ ਕੋਈ ਵੱਡਾ ਗੁਣਵਾਨ ਜਾਂ ਗੁਣਹੀਨ ਨਹੀਂ ਹੁੰਦਾ।

ਆਪਨ ਬਾਪੈ ਨਾਹੀ ਕਿਸੀ ਕੋ, ਭਾਵਨ ਕੋ ਹਰਿ ਰਾਜਾ।।
ਮੋਹ ਪਟਲ ਸਭੁ ਜਗਤੁ ਬਿਆਪਿਓ, ਭਗਤ ਨਹੀ ਸੰਤਾਪਾ।।੩।।

ਰੱਬ ਕਿਸੇ ਜਾਤੀ, ਧਰਮ, ਕੌਮ ਦੀ ਨਿੱਜੀ ਜਾਇਦਾਦ ਨਹੀਂ ਕਿ ਕੋਈ ਵਿਅਕਤੀ ਪੈਸੇ ਦੇ ਕੇ ਇਸ ਨੂੰ ਖਰੀਦ ਲਏਗਾ ਜਾਂ ਕੋਈ ਵੀ ਵਿਅਕਤੀ ਪੈਸੇ ਲੈ ਕੇ ਇਸ ਨੂੰ ਵੇਚ ਦੇਵੇਗਾ। ਸ੍ਰੀ ਗੁਰੂ ਰਵਿਦਾਸ ਜੀ ਫਰਮਾਨ ਕਰਦੇ ਹਨ ਕਿ ਰੱਬ ਦਾ ਦਰ ਸਭ ਲਈ ਖੁੱਲ੍ਹਾ ਹੈ। ਇੱਥੇ ਰਾਜ ਮਹਿਲ ਵਿਚ ਜਾਣ ਵਾਂਗ ਰੋਕ-ਟੋਕ ਜਾਂ ਪ੍ਰਵੇਸ਼ ਵਰਜਿਤ ਨਹੀਂ ਹੈ। ਮਨੁੱਖ ਦੀ ਪਛਾਣ ਜਾਤ ਜਾਂ ਕੁੱਲ ਤੋਂ ਨਹੀਂ ਸਗੋਂ ਕਰਮਗਤ ਸ਼ੁੱਧਤਾ, ਭਰਾਤਾ ਵਿਵੇਕ, ਸ਼ੁੱਧ ਮਾਨਸਿਕਤਾ ਅਤੇ ਉੱਚੇ ਆਚਰਣ ਤੋਂ ਹੈ। ਗੁਰੂ ਰਵਿਦਾਸ ਜੀ ਨੇ ਕਰਮ ਮਾਰਗ, ਗਿਆਨ ਮਾਰਗ ਅਤੇ ਪ੍ਰੇਮ ਭਗਤੀ ਮਾਰਗ ਨੂੰ ਪਹਿਲ ਦਿੱਤੀ ਅਤੇ ਬ੍ਰਾਹਮਣੀ ਮਾਇਆ ਜਾਲ ਦਾ ਖੰਡਨ ਕੀਤਾ ਹੈ। ਸਤਿਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਨੂੰ ਅੱਜ ਵੀ ਬਾਣੇ ਵਿਚ ਵਿਚਰ ਰਹੇ ਧਾਰਮਿਕ ਆਗੂਆਂ ਨੂੰ ਕਸੌਟੀ 'ਤੇ ਪਰਖਣ ਦੀ ਲੋੜ ਹੈ।

ਸਤਿਗੁਰੂ ਰਵਿਦਾਸ ਜੀ ਨੇ ਨਾਮ ਸਿਮਰਨ ਕਰਨਾ, ਨੇਕ ਕਿਰਤ ਕਰਨੀ ਅਤੇ ਵੰਡ ਕੇ ਛਕਣ ਦਾ ਜਾਗ ਹੀ ਨਹੀਂ ਲਾਇਆ ਸਗੋਂ ਸਮੁੱਚੀ ਲੋਕਾਈ ਨੂੰ ਰੂਹਾਨੀਅਤ ਦਾ ਮਾਰਗ ਵੀ ਵਿਖਾਇਆ। ਆਪ ਜੀ ਦਾ ਪਵਿੱਤਰ ਜੀਵਨ ਹੀ ਨਿਰਗੁਣ ਭਗਤੀ, ਨਾਮ ਭਗਤੀ ਜਾਂ ਸਹਿਜ ਪ੍ਰੇਮਾ-ਭਗਤੀ ਅਤੇ ਨੇਕ ਕਿਰਤ, ਸ਼ੁੱਧ ਵਿਵਹਾਰ ਦਾ ਸਰਬੋਤਮ ਸੰਕਲਪ ਹੈ। ਆਪ ਜੀ ਦਾ ਦ੍ਰਿਸ਼ਟੀਕੋਣ ਸਰਬ ਵਿਆਪੀ ਅਤੇ ਸਮੁੱਚੀ ਕਾਇਨਾਤ ਲਈ ਹੈ। ਸਤਿਗੁਰੂ ਰਵਿਦਾਸ ਜੀ ਕੋਈ ਵੱਖਰਾ ਧਰਮ ਨਹੀਂ ਬਣ-ਾਉਣਾ ਚਾਹੁੰਦੇ ਸਨ ਸਗੋਂ ਸਰਬ ਲੋਕਾਈ ਦੀ ਭਲਾਈ ਲਈ ਪਹਿਲਾਂ ਤੋਂ ਚੱਲਦੇ ਆ ਰਹੇ ਆਦਿ ਧਰਮ ਰਾਹੀਂ ਅਖੌਤੀ ਧਰਮਾਂ ਦੇ ਠੇਕੇਦਾਰਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣਾ ਚਾਹੁੰਦੇ ਸਨ।

ਸਤਿਗੁਰੂ ਰਵਿਦਾਸ ਜੀ ਨੇ ਦੋਵਾਂ ਪੰਜਾਬ, ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਉੱਤਰ ਪ੍ਰਦੇਸ਼ ਮੱਧ ਪ੍ਰਦੇਸ਼, ਤੇਲੰਗਾਨਾ, ਉੱਤਰਾਖੰਡ, ਦਿੱਲੀ, ਕਰਨਾਟਕ, ਆਸਾਮ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਜੰਮੂ ਕਸ਼ਮੀਰ, ਪੁਸ਼ਕਰ, ਪ੍ਰਯਾਗ, ਹਰਿਦੁਆਰ, ਮੁਲਤਾਨਪੁਰੀ, ਚਿਤੌੜ, ਬੀਕਾਨੇਰ, ਪੰਨਘਟ, ਅਮਝਰਾ ਕੁੰਡ, ਟੂਟੋਕੋਰੀਅਨ, ਕੈਲਾਸ਼ ਪਰਬਤ, ਮੈਕਲ ਪਰਬਤ, ਕੁੰਡੀ ਸਾਹਿਬ, ਅਮਰ ਕੰਟਕ, ਸੱਚਖੰਡ ਲੋ-ਹਟਨੀਆਂ, ਡਲਹੌਜੀ, ਜੰਮੂ ਕਸ਼ਮੀਰ, ਕਲਕੱਤਾ, ਬੰਗਾਲ, ਤੁਗਲਕਾਬਾਦ, ਮਥੁਰਾ, ਬਿੰਦਰਾਬਨ, ਭਰਤਪੁਰ, ਕੋਠਾ ਸਾਹਿਬ, ਸੱਚਖੰਡ ਡੰਡੇ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ), ਖੁਰ-ਾਲਗੜ੍ਹ (ਜ਼ਿਲ੍ਹਾ ਹੁਸ਼ਿਆਰਪੁਰ) ਆਦਿ ਸਥਾਨਾਂ ਦੀ ਯਾਤਰਾ ਕੀਤੀ, ਸਤਿਸੰਗ ਕੀਤੇ ਅਤੇ ਉਪਦੇਸ਼ ਦਿੱਤੇ।

ਆਪ ਜੀ ਦਾ ਮੇਲ ਸੁਲਤਾਨ ਸਿਕੰਦਰ ਲੋਧੀ ਨਾਲ ਦਿੱਲੀ ਅਤੇ ਲੁਧਿਆਣਾ ਵਿਖੇ ਹੋਇਆ। ਭਾਈ ਬਾਲਾ ਜੀ ਦੀ ਜਨਮ ਸਾਖੀ ਵਿਚ ਬਿਆਨ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਸਿਰਧਾਰ ਪਰਬਤ 'ਤੇ ਚੜ੍ਹੇ ਤਾਂ ਭਾਈ ਮਰਦਾਨਾ ਜੀ ਡਰ ਕੇ ਪੁੱਛਣ ਲੱਗੇ ਕਿ ਇਸ ਪਰਬਤ 'ਤੇ ਪਹਿਲਾਂ ਵੀ ਕੋਈ ਪੁੱਜਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਸ ਪਰਬਤ 'ਤੇ ਕੇਵਲ ਪਵਨ ਅਹਾਰੀ ਹੀ ਆ ਸਕਦੇ ਹਨ ਅਤੇ ਸੰਤ ਰਵਿਦਾਸ ਜੀ ਸਾਥੋਂ ਪਹਿਲਾਂ ਆ ਚੁੱਕੇ ਹਨ।

**ਰਵਿਦਾਸ ਧਿਆਏ ਪ੍ਰਭ ਅਨੂਪ।। ਗੁਰ ਨਾਨਕ ਦੇਵ ਗੋਵਿੰਦ ਰੂਪ।।**

# ਲੁਪਤ ਹੋ ਰਹੇ ਪੰਜਾਬੀ ਸੱਭਿਆਚਾਰ ਨੂੰ ਭਵਿੱਖ ਦਾ ਸ਼ਿੰਗਾਰ ਬਣਾਉਣ ਦੀ ਕੋਸ਼ਿਸ਼ ਵਿੱਚ ਸੁਰੀਲੇ ਕੰਠ ਦੀ ਮਾਲਕ ਕਵਿੱਤਰੀ ਅਤੇ ਐਂਕਰ ਰਾਜਨਦੀਪ ਕੌਰ ਮਾਨ

ਸ਼ੋਸ਼ਲ ਮੀਡੀਆ ਅਤੇ ਸੰਚਾਰ ਦੇ ਸਾਧਨਾਂ ਉਪਰ ਅਕਸਰ ਹੀ ਸੁਣਨ ਨੂੰ ਮਿਲਦੀ ਮਿੱਠੀ, ਸੁਰੀਲੀ ਅਤੇ ਗੜਕਵੀਂ ਆਵਾਜ਼ ਕੰਨਾਂ ਦੇ ਪਰਦਿਆਂ ਨੂੰ ਆਨੰਦਿਤ ਕਰਦਿਆਂ ਦਿਮਾਗ ਦੇ ਖਾਨਿਆਂ 'ਚ ਗਹਿਰੀ ਉਤਰਦੀ ਹੈ ਤੇ ਚਿਰ ਸਥਾਈ ਪ੍ਰਭਾਵ ਪਾਉਂਦੀ ਹੈ।ਇਹ ਆਵਾਜ਼ ਕੇਵਲ ਆਪਣੀਆਂ ਲਿਖਤਾਂ ਦੀ ਹੀ ਨਮਾਇਸ਼ ਨਹੀਂ ਕਰਦੀ ਬਲਕਿ ਦੁਨੀਆਂ ਦੇ ਕੋਨੇ ਕੋਨੇ ਵਿੱਚ ਵੱਸ ਚੁੱਕੇ ਪੰਜਾਬੀ ਸਾਹਿਤਕਾਰਾਂ, ਕਲਾਕਾਰਾਂ, ਸਰੋਤਿਆਂ ਨੂੰ ਵੀ ਅੰਗ ਸੰਗ ਲੈਕੇ ਤੁਰਦੀ ਹੈ। ਇਸ ਇੰਟਰਨੈਟ ਦੇ ਯੁੱਗ ਵਿੱਚ ਪਏ ਭਾਸ਼ਾਈ ਰਾਮ- ਘਚੋਲੇ ਵਿੱਚੋਂ ਪੰਜਾਬੀ ਨੂੰ ਨਿਤਾਰ ਕੇ ਪੰਜਾਬ, ਪੰਜਾਬੀ, ਪੰਜਾਬੀਅਤ ਨੂੰ ਦੁਨੀਆਂ ਦੇ ਹਰ ਹਿੱਸੇ 'ਤੇ ਪਹੁੰਚਾਉਣ ਲਈ ਯਤਨਸ਼ੀਲ ਹੈ- ਹਾਂ ਜੀ ਮੈਂ ਗੱਲ ਕਰ ਰਿਹਾ ਸੀ ਮਾਲਵੇ ਇਲਾਕੇ ਦੀ ਵਸਨੀਕ ਰਾਜਨਦੀਪ ਕੌਰ ਮਾਨ ਦੀ, ਜਿਸਦੀਆਂ ਛੋਟੀ ਉਮਰੇ ਕਲਾ ਦੇ ਹਰ ਖੇਤਰ (ਸਾਹਿਤਕ, ਸੱਭਿਆਚਾਰਕ ਜਾਂ ਕੋਈ ਹੋਰ) ਵਿੱਚ ਪ੍ਰਾਪਤੀਆਂ ਦੀ ਲਿਸਟ ਬਹੁਤ ਲੰਬੀ ਹੈ ਤੇ ਲਿਸਟ ਕੇਵਲ ਲੰਬਾਈ ਪੱਖੋਂ ਹੀ ਪਾਠਕ ਨੂੰ ਪ੍ਰਭਾਵਿਤ ਕਰਨ ਵਾਲੀ ਨਹੀਂ ਬਲਕਿ ਗਣਾਤਮਕ ਖੱਖੋਂ ਵੀ ਸਰੋਤੇ ਦਰਸ਼ਕਾਂ ਨੂੰ ਕੀਲਣ ਦੀ ਸਮੱਰਥਾ ਰੱਖਣ ਵਾਲੀ ਹੈ।

ਪੰਜਾਬੀ ਸੱਭਿਆਚਾਰ ਦੇ ਰੀਤੀ-ਰਿਵਾਜਾਂ ਅਤੇ ਖਾਸ ਕਰਕੇ ਅਲੋਪ ਹੋ ਰਹੇ ਰੀਤੀ-ਰਿਵਾਜ਼ਾਂ ਦੀ ਜਾਣਕਾਰੀ ਇਕੱਠੀ ਕਰਕੇ ਸੰਭਾਲਣ ਦੇ ਆਹਰੇ ਲੱਗੀ ਹੋਈ ਰਾਜਨਦੀਪ ਕੌਰ ਮਾਨ, ਸਰਲ ਭਾਸ਼ਾਂ ਵਿੱਚ ਲਿਖੇ ਛੋਟੇ ਛੋਟੇ ਲੇਖਾਂ ਰਾਹੀਂ ਲੋਕਾਂ ਤੱਕ ਪਹੁੰਚਾਉਣ ਦੇ ਨਾਲ ਨਾਲ ਕਾਵਿ ਦੇ ਮਾਧਿਅਮ ਰਾਹੀਂ ਇਹਨਾਂ ਰਸਮੋਂ ਰਿਵਾਜਾਂ ਦੇ ਪੁਰਾਣੇ ਯੁੱਗਾਂ ਦੇ ਮਾਹੌਲਾਂ ਨੂੰ ਸਿਰਜਕੇ ਆਪਣੀ ਆਵਾਜ਼ ਅਤੇ ਕਲਾਵਾਂ ਨਾਲ ਲੋਕਾਂ ਨੂੰ ਮਾਨਸਿਕ ਤੌਰ ਤੇ ਜੋੜੀ ਰੱਖਦੀ ਹੈ। ਸੁਣੋ ਕਦੇ ਇਸਦੀ ਆਵਾਜ਼ ਵਿੱਚ ਵਿਆਹਾਂ ਦੇ ਮੌਕੇ ਗਾਏ ਜਾਂਦੇ ਸੁਹਾਗ ਗੀਤ, ਘੋੜੀਆਂ, ਟੱਪੇ, ਛੰਦ ਆਦਿ।

ਡਮੈਸਟਿਕ ਇੰਜਨੀਅਰ ਜਾਂ ਕਹਿ ਲਉ ਹੋਮ-ਮੇਕਰ ਸੁਵਾਣੀ ਹੁੰਦਿਆਂ, ਐਮ।ਏ। ਬੀ।ਐਡ ਪਾਸ ਇਹ ਸੂਰਤ ਸੀਰਤ ਪੱਖੋਂ ਬਣਦੀ ਠਣਦੀ ਬਹੁ-ਪੱਖੀ ਸਖਸ਼ੀਅਤ ਸੋਹਣੀ ਸੁਨੱਖੀ ਰਾਜਨਦੀਪ ਕੌਰ ਮਾਨ ਨੇ ਪਿਤਾ ਸ।ਗੁਰਦੌਰ ਸਿੰਘ ਅਤੇ ਮਾਤਾ ਸ੍ਰੀਮਤੀ ਗੁਰਮੇਲ ਕੌਰ ਦੇ ਘਰ ਜਨਮ ਲਿਆ।ਬਚਪਨ ਤੋਂ ਹੀ ਸਕੂਲਾਂ ਕਾਲਜਾਂ ਦੇ ਮੈਗਜ਼ੀਨਾਂ ਦਾ ਕਲਮ-ਸ਼ਿੰਗਾਰ ਬਨਣ ਵਾਲੀ ਇਸ ਲੇਖਿਕਾ ਨੇ ਵਾਰਤਕ ,ਕਵਿਤਾ, ਗ਼ਜ਼ਲ ਗੀਤ ਕਹਾਣੀਆ ਤੇ ਕਲਮ ਚਲਾਈ। ਮਿਊਜ਼ਿਕ ਸੁਣਨਾ, ਫੋਕ ਐਂਡ ਕਲਚਰ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ, ਐਂਕਰਿੰਗ ਕਰਨ, ਕੁਦਰਤ ਦੇ ਸੁਹੱਪਣ ਦਾ ਆਨੰਦ ਮਾਨਣਾ, ਆਦਿ ਸ਼ੌਕਾਂ ਨੂੰ ਬਰਕਰਾਰ ਰੱਖਦਿਆਂ ਆਰਟ ਐਂਡ ਕਲਚਰ ਨੂੰ ਵੀ ਪ੍ਰਮੋਟ ਕੀਤਾ।

ਮਾਂ-ਬੋਲੀ ਪੰਜਾਬੀ ਦੀ ਝੋਲੀ 'ਕ਼ਲਮ ਦੀ ਆਹਟ' ਕਾਵਿ-ਸੰਗ੍ਰਹਿ ਵੀ ਪਾ ਚੁੱਕੀ ਹੈ।ਦੇਸ਼ ਦੁਨੀਆਂ ਦੇ ਅਖਬਾਰਾਂ ਅਤੇ ਮੈਗਜ਼ੀਨਾਂ ਨੂੰ ਇਸ ਕਲਮ ਨੇ ਭਾਗ ਲਗਾਏ ਹਨ ਅਤੇ ਨਿਰੰਤਰ ਲਾ ਵੀ ਰਹੀ ਹੈ।

ਪੰਜਾਬੀ ਸੱਥ ਮੈਲਬੌਰਨ ਵਲੋਂ ਮੀਡੀਆ ਡਾਇਰੈਕਟਰ ਨਿਯੁਕਤ ਕੀਤੀ ਗਈ ਹੈ। ਰੇਡੀਓ ਰੰਗ ਤੇ ਰੇਡੀਓ ਪੰਜਾਬ ਟੂ ਡੇ, ਰੇਡੀਓ ਪੰਜਾਬ ਬਠਿੰਡਾ, ਦੇਸ਼ ਵਿਦੇਸ਼ ਦੀਆਂ ਅਨੇਕਾਂ ਸਾਹਿਤਕ ਸੰਸਥਾਵਾਂ ਦੇ ਪ੍ਰੋਗਰਾਮਾਂ 'ਚ ਆਪਣੀ ਕਲਾ ਦਾ ਸਿੱਕਾ ਮੰਨਵਾਉਂਦੀ ਇਹ ਸਾਹਿਤਕਾਰਾ ਅਨੇਕਾਂ ਸਭਾਵਾਂ ਵੱਲੋਂ ਸਨਮਾਨਿਤ ਵੀ ਹੋ ਚੁੱਕੀ ਹੈ। 'ਵਰਲਡ ਪੰਜਾਬੀ ਟਾਈਮਜ਼ ਤੇ ਪੰਜਾਬੀ ਸੱਥ ਮੈਲਬੌਰਨ' ਦੇ ਸਾਂਝੇ ਮੰਚ ਤੋਂ ਆਪਣੇ ਪ੍ਰੋਗਰਾਮ ,'ਪਰਵਾਸੀ ਲਾਲ ਪੰਜਾਬੀ ਦੇ' ਰਾਹੀਂ ਮੁਲਾਕਾਤਾਂ ਦੀ ਲੜੀ ਲੈਕੇ ਸੰਸਾਰ ਦੇ ਕੋਨੇ ਕੋਨੇ ਤੇ ਹਾਜ਼ਰ ਨਾਜ਼ਰ ਹੋਈ ਹੈ।



ਅੱਜਕਲ੍ਹ ਜੀ। ਰੇਡੀਓ ਯੂ।ਐਸ।ਏ ਨਾਲ ਕੰਮ ਕਰ ਰਹੀ ਹੈ ਤੇ ਵਿਰਸੇ ਦੇ ਪ੍ਰੋਗਰਾਮ ਪੇਸ਼ ਕਰ ਰਹੀ ਹੈ।ਪੰਜਾਬੀ ਸਾਹਿਤ ਦੀ ਪ੍ਰਫੁਲਤਾ ਲਈ ਦਿਨ ਰਾਤ ਇੱਕ ਕਰ ਰਹੀ ਇਸ ਲੇਖਿਕਾ ਅਤੇ ਐਂਕਰ ਦੇ ਦਿਲ ਵਿੱਚ ਲੋਕਾਈ ਅਤੇ ਖਾਸ ਕਰਕੇ ਔਰਤਾਂ-ਬੱਚਿਆਂ ਨੂੰ ਪੇਸ਼ ਦੁਸ਼ਵਾਰੀਆਂ ਲਈ ਬਹੁਤ ਹੀ ਸੰਵੇਦਨਸ਼ੀਲਤਾ ਹੈ ਇਸੇ ਲਈ ਤਾਂ ਭੱਠਿਆਂ ਤੇ ਕੰਮ ਕਰਦੀਆਂ ਔਰਤਾਂ ਦੀ ਸ਼ਾਬਦਿਕ-ਚਿੱਤਰਕਾਰੀ ਕਰਦੀ ਹੈ,

-ਮਿੱਟੀ ਦੇ ਨਾਲ ਮਿੱਟੀ ਹੋਈਆਂ,ਮਰਦਾਂ ਦੀ,ਹਾਂ ਦੇ ਵਿੱਚ ਬਰਾਬਰ ਹਾਮੀਂ ਭਰਦੀਆਂ ਨੇ,

ਮੋਢੇ ਦੇ ਨਾਲ ਮੋਢਾ ਲਾ ਕੇ ਬੰਦੇ ਦੇ,ਹਾਲਾਤਾਂ ਦੇ ਨਾਲ ਬਰਾਬਰ ਲੜਦੀਆਂ ਨੇ,

ਕੁੱਛੜ ਬੱਚਾ, ਸਿਰ ਤੇ ਇੱਟਾਂ ਧਰਦੀਆਂ ਨੇ, ਦੇਸ਼ ਮੇਰੇ ਵਿੱਚ ,ਇੰਝ ਮਜਬੂਰੀਆਂ ਪਲਦੀਆਂ ਨੇ।

ਤੇ ਨਾਲ ਦੀ ਨਾਲ ਬੱਚਿਆਂ ਪ੍ਰਤੀ ਝਲਕਦਾ ਦਰਦ:-

ਇਦੂੰ ਵੱਡਾ ਪੁੰਨ ਕੋਈ ਨਾ,ਚਲੋ ਬਚਪਨ ਰੁਲਦਾ ਬਚਾਈਏ।

ਭੱਠੇ, ਢਾਬੇ, ਹੋਟਲਾਂ ਉੱਤੋਂ, ਛੋਟੇ ਬੱਚਿਆਂ ਨੂੰ ਛੁਡਵਾਈਏ।

ਅਤੇ ਵਾਤਾਵਰਨ ਅਤੇ ਪਾਣੀ ਨੂੰ ਬਚਾਉਣ ਲਈ ਕੁਝ ਕਰਨਾ ਲੋਚਦੀ ਹੈ,

ਵਾਤਾਵਰਨ ਬਚਾਈਏ ਰਲਮਿਲ,ਪਾਣੀ ਦੀ ਵੀ ਕਰੋ ਸੰਭਾਲ,

ਧਰਤੀ ਸਵਰਗ ਬਣੇਗੀ ਫਿਰ ਤੋਂ,ਬਣ ਜਾਣ ਸੱਭ ਦੇ ਇਹ ਖਿਆਲ।

ਲੇਖਿਕਾ ਦੀਆਂ ਲਿਖੀਆਂ ਕਹਾਣੀਆਂ ਸਾਧਨਹੀਣ ਲੋਕਾਂ ਅਤੇ ਉਹਨਾਂ ਦੇ ਕੁਚਲੇ ਗਏ ਅਰਮਾਨਾਂ ਦੀ ਤਰਜਮਾਨੀ ਕਰਦੀਆਂ ਹਨ। 'ਦੋਹਰੇ ਕਿਰਦਾਰ' ਕਹਾਣੀ ਬੇਟੀਆਂ ਦੀ ਮਹਾਨਤਾ ਨੂੰ ਦਰਸਾਉਂਦੀ ਸਾਡੀ ਸੌੜੀ ਸੋਚ ਤੇ ਲਾਹਣਤਾਂ ਪਾਉਂਦੀ ਅਤੇ ਭਰੂਣ ਹੱਤਿਆਵਾਂ ਕਰਨ ਵਾਲਿਆਂ ਦੇ ਮੂੰਹ ਤੇ ਤਕੜੀ ਚਪੇੜ ਹੈ।

ਪੰਜਾਬੀ ਲੁਪਤ ਹੋ ਰਹੇ ਸੱਭਿਆਚਾਰ ਨੂੰ ਸੰਭਾਲ ਕੇ ਰੱਖਣ ਲਈ ਲਿਖੇ ਲੇਖਾਂ ਵਿੱਚ ਰਾਜਨਦੀਪ ਦੀ ਲਗਨ ਅਤੇ ਮਿਹਨਤ ਦੇ ਦਰਸ਼ਨ ਹੁੰਦੇ ਹਨ- ਕੀ ਹੁੰਦੀ ਸੀ ਚੁੱਲ੍ਹੇ ਨਿਉਂਦ, ਮਾਲਵੇ ਦੇ ਖੂਬਸੂਰਤ ਰਿਵਾਜ- ਜੋ ਅੱਜ ਨਹੀਂ ਰਹੇ ਜਿਵੇਂ ਗੰਢ ਭੇਜਣਾ, ਗਾਉਣ ਬਿਠਾਉਣਾ, ਢੋਲਕੀ, ਬਾਜਰਾ ਭਿਉਣ ਦੀ ਰਸਮ, ਗਲਾ ਪਾਉਣਾ, ਆਟੇ ਪਾਣੀ ਪਾਉਣ ਦੀ ਰਸਮ; ਮਾਈਆਂ ਪਾਉਣਾ ਅਤੇ ਇਹਨਾਂ ਮੌਕੇ ਤੇ ਗਾਏ ਜਾਂਦੇ ਗੀਤ ਜਿੰਨਾਂ ਨਾਲ ਮਾਹੌਲ ਰੌਚਕ ਬਣ ਜਾਦਾ ਸੀ ਆਦਿ ਦੀ ਜਾਣਕਾਰੀ ਮਿਲਦੀ ਹੈ ਜਿਵੇਂ-

-ਬਾਬਲ ਧਰਮੀ ਦਾ ਦੇਸ਼ ,ਹੌਲੀ ਹੌਲੀ ਵਿਸਰ ਗਿਆ।

-ਬਾਬਲ ਓਹ ਵਰ ਟੋਲਿਓ ਵੇ, ਜਿੱਥੇ ਬੀਬੀ ਰਾਜ ਕਰੇ।

-ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ, ਦਮਾਂ ਵਾਲੀ ਬੋਰੀ ਤੇਰਾ ਬਾਪ ਫੜੇ ।

-ਆ ਕੇ ਤਾਂ ਬਾਜਰਾ ਨੀ ਭਿਓਂ ,ਦਿਲਾਂ ਵਿੱਚ ਵਸ ਰਹੀਏ ।

-ਆਟੇ ਪਾਣੀ ਦੁੱਧ ਮਧਾਣੀ,ਜੈ ਕੁਰ ਸਪੂਤੜੀ ਨੇ ਪਾਇਆ ।

ਬਦਲਦੀ ਸੋਚ, ਆ ਗਿਆ ਵਣਜਾਰਾ, ਕਿਵੇਂ ਮੋੜ ਲਿਆਈਏ ਗੁੰਮੇ ਹਾਸਿਆਂ ਨੂੰ, ਕਿਧਰ ਗੁੰਮ ਹੋ ਗਏ ਛੰਦ ਪਰਾਗੇ

ਛੰਦ ਪਰਾਗੇ ਆਈਏ ਜਾਈਏ,ਛੰਦ ਪਰਾਗੇ ਥਾਲੀਆਂ,
ਸੋਨੇ ਦਾ ਮੈ ਮਹਿਲ ਬਨਾਵਾਂ,ਵਿੱਚ ਬਿਠਾਵਾਂ ਸਾਲੀਆਂ।

ਕਿੱਥੇ ਗਿਆ ਲੱਕੜੀ ਦੇ ਗਡੀਰਿਆਂ ਵਾਲਾ ਬਚਪਨ, ਪੰਜਾਬ ਦੇ ਲੁਪਤ ਹੋ ਰਹੇ ਲੋਕ ਨਾਚ ਜਿਵੇਂ ਭੰਗੜਾ, ਗਿੱਧਾ, ਮਲਵਈ ਗਿੱਧਾ, ਕਿੱਕਲੀ, ਝੂੰਮਰ, ਲੁੱਡੀ ਆਦਿ ਤੋਂ ਲਾਪ੍ਰਵਾਹ ਹੋ ਰਹੀ ਪੀੜੀ ਨੂੰ ਜਾਣੂੰ ਕਰਵਾਇਆ ਹੈ।ਸੋਨੇ ਤੇ ਸੁਹਾਗਾ ਹੋ ਜਾਂਦਾ ਹੈ ਜਦ ਕਵਿੱਤਰੀ ਦੇ ਆਪਣੇ ਮਨ ਦੀ ਸਿਰਜਣਾ ਆਪਣੇ ਗਲੇ ਦੀਆਂ ਸੁਰੀਲੀਆਂ ਸੁਰਾਂ ਨਾਲ ਇਕ ਮਿਕ ਹੋ ਜਾਂਦੀ ਹੈ।

ਸ਼ੋਸ਼ਲ ਮੀਡੀਏ ਦੇ ਵੱਖ ਵੱਖ ਮਾਧਿਅਮ ਇਸ ਦੀ ਤਸਦੀਕ ਕਰ ਦਿੰਦੇ ਹਨ।ਸਮਾਜ ਵਿੱਚ ਵਿਸ਼ੇਸ਼ ਰੁਤਬਾ ਹਾਸਿਲ ਕਰ ਚੁੱਕੀ ਇਸ ਸਾਹਿਤਕਾਰਾ ਦੀ ਤੀਸਰੀ ਅੱਖ ਵਰਤਮਾਨ ਨੂੰ ਵੇਖਣ ਜਾਂਚਣ ਪਰਖਣ ਲਈ ਸਦਾ ਖੁੱਲ੍ਹੀ ਰਹਿੰਦੀ ਹੈ ਇਸੇ ਲਈ ਰਾਜਨਦੀਪ ਮੌਕੇ ਦੀ ਨਬਜ਼ ਪਛਾਣ ਕੇ ਝੱਟ ਕਾਗਜ਼ਾਂ ਦੀ ਹਿੱਕ ਤੇ ਲੈ ਆਉਂਦੀ ਹੈ:-

ਜਿੱਤਣੇ ਨੂੰ ਮੋਰਚੇ ਜੋ,ਘਾਲਣਾਵਾਂ ਘਾਲੀਆਂ,
ਜਿੱਤੇ ਅੱਜ ਹਲ ਸਾਡੇ,ਜਿੱਤੀਆਂ ਪੰਜਾਲੀਆਂ,

ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਸਦਾ ਚੜ੍ਹਦੀ ਕਲਾ ਵਿੱਚ ਰਹੇ ਅਤੇ ਨਵੀਆਂ ਮੰਜ਼ਿਲਾਂ ਸਰ ਕਰਦੀ ਹੋਈ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇ।

**ਮੰਗਤ ਕੁਲਜਿੰਦ**
**ਸੰਪਾਦਕ, 'ਸ਼ਬਦ ਤ੍ਰਿੰਜਣ' ਬਠਿੰਡਾ**
**ਮੋ. ਤੇ ਵੱਟਸਐਪ +1 425 286 0163**

# ਪੰਜਾਬ ਦੇ ਗੌਰਵਮਈ ਵਿਰਸੇ ਨੂੰ ਸਮਰਪਿਤ 'ਸੱਧਰਾਂ ਦੀ ਫੁਲਕਾਰੀ' ਹੋਈ ਲੋਕ ਅਰਪਣ

ਵਿੰਦਰ ਕੌਰ ਢਿੱਲੋਂ ਜੀ ਦੁਆਰਾ ਰਚਿਤ ਹੱਥਲੀ ਕਿਤਾਬ ਸਧਰਾਂ ਦੀ ਫੁਲਕਾਰੀ ਗੀਤ ਅਤੇ ਕਾਵਿ-ਸੰਗ੍ਰਹਿ ਦਾ ਕੱਲ੍ਹ 12।02।2022 ਨੂੰ ਚੰਡੀਗੜ੍ਹ ਸੈਕਟਰ 27 ਦੇ ਰਾਮਗੜ੍ਹੀਆ ਭਵਨ ਵਿੱਚ ਵਿਦਵਾਨ ਲੋਕਾ ਦੀ ਸੱਜੀ ਮਹਿਫ਼ਲ ਵਿੱਚ ਪੂਰੇ ਸਲੀਕੇ ਨਾਲ ਆਗਾਜ਼ ਹੋਇਆ ।

ਮਹਿਫ਼ਲ ਦਾ ਅਗਾਜ਼ ਉਹਨਾਂ ਦੇ ਕਿਤਾਬ ਵਿਚ ਲਿਖੇ ਗੀਤ ਪਲਕਾ ਦੇ ਬੂਹੇ ਬੰਦ ਨਾ ਕਰੀਂ।।।। ਨੂੰ ਬੁਲੰਦ ਅਵਾਜ਼ ਦੇ ਮਾਲਕ ਹਰਿਦਰ ਹਰ ਜੀ ਨੇ ਕੀਤਾ, ਇਸ ਤੋਂ ਇਲਾਵਾ ਕਿਤਾਬ ਦੇ ਅਗਾਜ਼ ਸਮੇਂ ਸੇਵੀ ਰਿਆਤ ਜੀ, ਦਰਸ਼ਨ ਸਿੰਘ ਸਿੱਧੂ ਜੀ ਮਲਕੀਅਤ ਬਸਰਾ ਜੀ ਨੇ ਕਿਤਾਬ ਲਈ ਕਵਿਤਾਵਾਂ ਪੜ੍ਹੀਆਂ।

ਗੀਤ ਤੇ ਕਵਿਤਾਵਾਂ ਦੇ ਬੋਲਾਂ ਨੇ ਪੰਡਾਲ ਵਿੱਚ ਬੈਠੇ ਅਦੀਬ ਦੋਸਤਾਂ ਦੀਆਂ ਰੂਹਾਂ ਨੂੰ ਸਰਸ਼ਾਰ ਕੀਤਾ। ਸਤਿਕਾਰਤ ਦੇਵ ਥਰੀਕੇ ਜੀ ਨੂੰ ਯਾਦ ਕਰਦੇ ਹੋਏ ਉਹਨਾਂ ਦੀ ਕ਼ਲਮ ਤੋਂ ਲਿਖਿਆ ਗੀਤ ਨੂੰ ਸਾਡੇ ਸਭ ਦੇ ਸਤਿਕਾਰਤ ਸ਼ਾਇਰ । ਬਲਵਿੰਦਰ ਢਿਲੋਂ ਜੀ ਬੜੇ ਸਲੀਕੇ ਨਾਲ ਪੇਸ਼ ਕੀਤਾ।

ਮਹਿਫ਼ਲ ਦੀ ਪ੍ਰਧਾਨਗੀ ਪਰਮਿੰਦਰ ਕੌਰ ਪੰਮੀ (ਪੰਮੀ ਸਿੱਧੂ,ਸੰਧੂ) ਜੀ ਨੇ ਕੀਤੀ ਤੇ ਮੁੱਖ ਮਹਿਮਾਨ ਤੌਰ ਤੇ ਜਸਟਿਸ ਦਿਲਖੁਸ਼ ਜੀ, ਤੇ ਅਮਰਜੀਤ ਖੁਰਲ ਪ੍ਰਧਾਨਗੀ ਮੰਡਲ ਉਪਸਥਿਤ ਸਨ।

ਸੱਧਰਾਂ ਦੀ ਫੁਲਕਾਰੀ ਕਿਤਾਬ ਦੀ ਚਰਚਾ ਦਾ ਪੇਪਰ ਪੜ੍ਹਨ ਦੀ ਜ਼ਿੰਮੇਵਾਰੀ ਹਰ ਦਿਲ ਅਜੀਜ਼ ਲੇਖਕ ਤੇ ਲੇਖਕਾਵਾਂ ਨੇ ਨਿਭਾਈ ਜਿਨ੍ਹਾਂ ਵਿਚੋਂ ਮੁੱਖ ਨਾਮ ਮਨਜੀਤ ਕੌਰ ਮੀਤ,ਪਰਮਜੀਤ ਪਰਮ ਤੇ ਡਾ਼ ਅਵਤਾਰ ਸਿੰਘ ਪਤੰਗ ਨੇ। ਇਸ ਤੋਂ ਇਲਾਵਾ ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਬੜੀ ਸਹਿਜਤਾ ਨਾਲ ਹਰ ਵਾਰ ਦੀ ਤਰ੍ਹਾਂ ਗੁਰਦਰਸ਼ਨ ਸਿੰਘ ਮਾਵੀ ਜੀ ਨੇ ਪੂਰਨ ਕੀਤੀ।

ਆਏ ਮਹਿਮਾਨਾਂ ਦੀ ਆਉ ਭਗਤ ਤੇ ਚਾਹ ਪਾਣੀ ਦਾ ਬੰਦੋਬਸਤ ਢਿਲੋਂ ਪਰਿਵਾਰ ਨੇ ਬਾਖੂਬੀ ਨਿਭਾਇਆ।

ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕਰਨ ਦਾ ਕਾਰਜ ਸਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਪ੍ਰਧਾਨ ਸੇਵੀ ਰਿਆਤ ਜੀ ਨੇ ਬੜੀ ਹਲੀਮੀ ਨਾਲ ਨਿਭਾਇਆ ।

ਇਸ ਤੋਂ ਇਲਾਵਾ ਮਹਿਫ਼ਲ ਵਿਚ ਨਾਮਵਾਰ ਸ਼ਾਇਰਾਂ ਨੇ ਹੁੰਮ ਹੁਮਾ ਕੇ ਸਿਰਕਤ ਕੀਤੀ।ਜਿੰਨਾਂ ਵਿੱਚ ਸੁਰਾਂ ਦੇ ਮਾਲਕ ਦਰਸ਼ਨ ਤਿਓਣਾ, ਪੀ.ਐਸ. ਆਰਟਸ ਐਂਡ ਕਲਚਰਲ ਸੋਸਾਇਟੀ ਦੇ ਪ੍ਰਧਾਨ ਹਨ ਪਰਵੀਨ ਸੰਧੂ , ਅਲਗੋਜ਼ਾ ਵਾਦਕ ਕਰਮਜੀਤ ਸਿੰਘ ਬੱਗਾ ਜੀ, ਮਲਕੀਅਤ ਬਸ਼ਰਾਂ, ਡਾ। ਸੁਨੀਤਾ ਰਾਣੀ, ਸੰਤੋਸ ਗਰਗ,ਡਾ਼ ਰਜਿੰਦਰ ਰੇਨੂੰ,ਬਲਵਿੰਦਰ ਢਿੱਲੋਂ, ਮਲਕੀਤ ਨਾਗਰਾ, ਰਾਜ ਹਰੀਕੇ , ਗ਼ਜ਼ਲਗੋ ਅਮਰਜੀਤ ਕੌਰ ਮੋਰਿੰਡਾ, ਜਸ ਅਟਵਾਲ, ਡਾ. ਪੰਨਾ ਲਾਲ ਮੁਸਤਾਬਾਦੀ, ਬਲਕਾਰ ਸਿੱਧੂ, ਜਗਦੀਪ ਨੂਰਾਨੀ,ਦੀਪਕ ਜਨਾਰਥਲ, ਹਰਬੰਸ ਸਿੰਘ ਢਿੱਲੋਂ, ਫ਼ਨਕਾਰਾਂ ਸੁਖਬੀਰਪਾਲ ਕੌਰ ਨੀਨਾ, ਸ਼ਾਇਰ ਭੱਟੀ ਅਤੇ ਹੋਰ ਨਾਮਵਾਰ ਉੱਚ ਕੋਟੀ ਤੇ ਵਿਦਵਾਨ ਕਵੀ ਹਾਜ਼ਰ ਸਨ।




ਇਸ ਤੋਂ ਇਲਾਵਾ ਸੀਨੀਅਰ ਪੱਤਰਕਾਰ ਅਜੈਬ ਔਜਲਾ, ਧੀਮਾਨ ਚੈਨਲ, ਵਿਜਨ ਪੰਜਾਬ ਚੈਨਲ, ਇਕਨੂਰ ਚੈਨਲ ਦੇ ਪੱਤਰਕਾਰਾਂ ਨੇ ਵੀ ਸ਼ਿਰਕਤ ਕੀਤੀ।

ਦਵਿੰਦਰ ਕੌਰ ਢਿਲੋਂ ਦੇ ਜੀ ਪਰਿਵਾਰ ਤੇ ਰਿਸ਼ਤੇਦਾਰ ਦੀ ਸਭਾ ਦੀ ਰੌਣਕ ਬਣੇ ਤੇ ਪ੍ਰੋਗਰਾਮ ਨੂੰ ਸਫਲ ਅਤੇ ਅਹਿਮ ਬਣਾਉਣ ਵਿੱਚ ਭਰਪੂਰ ਯੋਗਦਾਨ ਪਾਇਆ।

ਸਾਹਿਤ ਵਿਗਿਆਨ ਕੇਂਦਰ ਤੇ ਦਵਿੰਦਰ ਮੈਡਮ ਦੇ ਉਦਮ ਸਦਕਾ ਇਸ ਵਾਰ ਕਿਤਾਬ ਰਿਲੀਜ਼ ਤੋਂ ਬਾਅਦ ਸ਼ਿਰਕਤ ਕਰਨ ਵਾਲੇ ਸਾਰੇ ਪੰਤਵੰਤੇ ਲੇਖਕਾ ਲੇਖਕਾਵਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਦਵਿੰਦਰ ਕੌਰ ਢਿੱਲੋਂ ਦੀ ਬੇਰੋਕ ਸਾਹਿਤਕ ਸਫ਼ਰ ਦਾ ਸਿਹਰਾ ਉਹਨਾਂ ਦੇ ਪਤੀ ਹਰਬੰਸ ਸਿੰਘ ਢਿੱਲੋਂ ਜੀ ਦੇ ਸਿਰ ਜਾਦਾ ਹੈ। ਜਿਹਨਾ ਦਾ ਉਹ ਧੰਨਵਾਦ ਕਰਦੇ ਨਹੀ ਥੱਕਦੇ।

### ਕੁਝ ਗੱਲਾਂ ਕਿਤਾਬ ਬਾਰੇ

ਕਿਤਾਬ ਵਿਚ ਕਵਿਤਾਵਾਂ, ਗੀਤਾਂ ,ਟੱਪੇ ਤੇ ਬੋਲੀਆਂ ਦਾ ਕਾਫ਼ਲਾ ਹੈ।

ਜਿਸ ਨੂੰ ਦਵਿੰਦਰ ਜੀ ਨੇ ਬੜੇ ਸੁਚੱਜੇ ਢੰਗ ਨਾਲ ਮੋਤੀਆਂ ਦੀ ਮਾਲਾ ਵਾਂਗ ਪਰੋਇਆ ਹੈ।

ਹਰ ਕਵਿਤਾ ਤੇ ਹਰ ਗੀਤ ਦਾ ਆਪਣਾ ਵਿਲੱਖਣ ਰੰਗ ਹੈ। ਮੈਨੂੰ ਕਿਤਾਬ ਪੜ੍ਹ ਬਹੁਤ ਅਨੰਦ ਆਇਆ, ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਿਆ, ਕਿਤਾਬ ਵਿਚ ਕੀਤੀ ਮਿਹਨਤ ਸਾਫ਼ ਝਲਕਾਂ ਮਾਰਦੀ ਹੈ ।

ਇਕ ਦੋ ਸ਼ਿਅਰ...

ਪੱਥਰ ਤੋਂ ਪਾਰਸ ਬਣਾਉਣ ਵਾਲਾ ਤੂੰ
ਮੇਰੇ ਹੱਥ ਕਲਮ ਫੜਾਉਣ ਵਾਲਾ ਤੂੰ

ਬੀਤੇ ਪਲ ਨਾ ਲੱਭਣੇ
ਚਾਹੇ ਲੱਖ ਪਿਆ ਵਾਜਾਂ ਮਾਰ
ਤਰਲੇ ਪਾ ਪਾ ਥੱਕੇ ਸਾਰੇ
ਇਹ ਨਾ ਲੈਂਦੇ ਸਾਰ

ਬੰਜਰ ਧਰਤੀ ਸੁਪਨੇ ਬੀਜੇ
ਕਿੰਝ ਹੋਵਣ ਸਾਕਾਰ,
ਜੰਦਰੇ ਵੱਜੇ ਮਹਿਲਾਂ ਦੇ ਵਿੱਚ,
ਆਵੇ ਕਿਵੇਂ ਬਹਾਰ।

ਸੁਪਨੇ ਵਿੱਚ ਤੇ ਉੱਠਦੇ ਬਹਿੰਦੇ,
ਯਾਦ ਆਵੇ ਮੈਨੂੰ ਮਾਂ।
ਸਭ ਛਾਵਾਂ ਤੋਂ ਸੰਘਣੀ ਹੁੰਦੀ,
ਮਾਂ ਦੀ ਠੰਢੜੀ ਛਾਂ।

ਕੁੜਤੀ ਚਿੱਟੇ ਰੰਗ ਦੀ ਏ
ਜਿੰਦੜੀ ਮਲੂਕ ਸੋਹਣਿਆ
ਬਸ ਪਿਆਰ ਤੇਰਾ ਮੰਗਦੀ ਏ

ਬਹੁਤ ਹੀ ਲਾ ਜਵਾਬ ਵਿਚਾਰ ਤੇ ਅਹਿਸਾਸ ਭਰਪੂਰ ਬੋਲ ਜੋ ਮਨ ਵਿਚ ਹਲਚਲ ਪੈਦਾ ਕਰਦੇ ਨੇ ।

ਦੋਸਤੋ ਮੈਂ ਤਾਂ ਇਸ ਕਿਤਾਬ ਨੂੰ ਪੜ੍ਹ ਕੇ ਅਲਾਹੀ ਅਨੰਦ ਮਾਣ ਚੁੱਕਾ ਹਾ। ਤੁਸੀ ਵੀ ਇਸ ਅਨੰਦ ਤੋਂ ਵਾਂਝੇ ਨਾ ਰਹਿਣਾ ਇਕ ਵਾਰ ਇਸ ਕਿਤਾਬ ਨੂੰ ਜ਼ਰੂਰ ਪੜ੍ਹਨਾ।

ਮੇਰੇ ਵੱਲੋਂ ਦਵਿੰਦਰ ਕੌਰ ਢਿੱਲੋਂ ਜੀ ਨੂੰ ਪਲੇਠੀ ਕਿਤਾਬ ਸੱਧਰਾਂ ਦੀ ਫੁਲਕਾਰੀ ਲਈ ਤੇ ਆਉਣ ਵਾਲੀਆਂ ਨਵੀਆਂ ਕਿਤਾਬਾਂ ਲਈ ਢੇਰ ਸ਼ੁਭਕਾਮਨਾਵਾਂ

**ਸ਼ਾਇਰ ਭੱਟੀ**
9872989193

# ਕਾਂਗਰਸ ਦੀ ਸਫਲਤਾ ਦੇ ਰਾਹ ਵਿੱਚ ਦਲਿਤ ਵੋਟਰ ਹੀ ਰੋੜ੍ਹਾ ਬਣ ਸਕਦੇ ਹਨ




ਕੁਲਦੀਪ ਚੰਦ
91-9417563054

ਪੰਜਾਬ ਵਿੱਚ 20 ਫਰਵਰੀ ਨੂੰ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਲਈ ਮੈਦਾਨ ਪੂਰੀ ਤਰਾਂ ਭੱਖ ਚੁੱਕਿਆ ਹੈ। ਇਸ ਵਾਰ ਦੀਆਂ ਚੋਣਾਂ ਵਿੱਚ ਕਈ ਰਵਾਇਤੀ ਪਾਰਟੀਆਂ ਅਤੇ ਕੁੱਝ ਨਵੀਆਂ ਪਾਰਟੀਆਂ ਦੇ ਆਗੂ ਅਤੇ ਕੁੱਝ ਅਜਾਦ ਉਮੀਦਵਾਰ ਚੋਣ ਲੜ ਰਹੇ ਹਨ। ਇਸ ਵਾਰ ਬਹੁਤੇ ਹਲਕਿਆਂ ਵਿੱਚ ਮੁੱਖ ਮੁਕਾਬਲਾ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦੱਲ, ਆਮ ਆਦਮੀ ਪਾਰਟੀ, ਭਾਜਪਾ ਅਤੇ ਉਸਦੇ ਸਹਿਯੋਗੀ ਦਲਾਂ ਦੇ ਉ-ਮੀਦਵਾਰਾਂ ਵਿੱਚ ਵੇਖਣ ਨੂੰ ਹੀ ਨਜਰ ਆ ਰਿਹਾ ਹੈ। ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਅਤੇ ਉਸਦੇ ਸਹਿਯੋਗੀ ਦਲਾਂ ਦੇ ਉਮੀਦਵਾਰਾਂ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਾਰਗ ਜਾਰੀ ਤੇ ਵੋਟਾਂ ਮੰਗੀਆਂ ਜਾ ਰਹੀਆਂ ਹਨ, ਸ਼੍ਰੋਮਣੀ ਅਕਾਲੀ ਦੱਲ ਵਲੋਂ ਮੋਜੂਦਾ ਕਾਂਗਰਸ ਸਰਕਾਰ ਦੀ ਅਸ-ਫਲਤਾ ਅਤੇ ਫੈਲੇ ਭ੍ਰਿਸ਼ਟਾਚਾਰ ਦੇ ਨਾਮ ਤੇ ਵੋਟ ਮੰਗੀਆਂ ਜਾ ਰਹੀਆਂ ਹਨ, ਆਮ ਆਦਮੀ ਪਾਰਟੀ ਵਲੋਂ ਅਪਣੀ ਸਰਕਾਰ ਦੇ ਦਿੱਲੀ ਮਾਡਲ ਅਤੇ ਮੋਜੂਦਾ ਕਾਂਗਰਸ ਸਰਕਾਰ ਦੀ ਅਸਫਲਤਾ ਅਤੇ ਫੈਲੇ ਭ੍ਰਿਸ਼ਟਾਚਾਰ ਦੇ ਨਾਮ ਤੇ ਵੋਟਾਂ ਮੰਗੀਆਂ ਜਾ ਰਹੀਆਂ ਹਨ। ਪੰਜਾਬ ਵਿੱਚ ਤੀਜਾ ਹਿੱਸਾ ਅਬਾਦੀ ਅਨੁਸੂਚਿਤ ਜਾਤਾਂ ਦੀ ਹੈ ਇਸ ਲਈ ਬਹੁਤੀਆਂ ਰਾਜਨੀਤਿਕ ਪਾਰਟੀਆਂ ਇਨ੍ਹਾਂ ਨਾਲ ਸਬੰਧਿਤ ਵੋਟਰਾਂ ਨੂੰ ਭਰਮਾਉਣ ਲਈ ਕੰਮ ਕਰਦੀਆਂ ਹਨ। ਪੰਜਾਬ ਵਿੱਚ ਕਾਂਗਰਸ ਪਾਰਟੀ ਵਲੋਂ ਮੋਜੂਦਾ ਦਲਿਤ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਅਪਣੀ ਸਰਕਾਰ ਦੀ 111 ਦਿਨਾਂ ਦੀ ਕਾਰਗੁਜਾਰੀ ਦੇ ਨਾਮ ਤੇ ਵੋਟਾਂ ਮੰਗੀਆਂ ਜਾ ਰਹੀਆਂ ਹਨ। ਕਾਂਗਰਸ ਪਾਰਟੀ ਵਲੋਂ ਦਲਿਤ ਮੁੱਖ ਮੰਤਰੀ ਦੇ ਨਾਮ ਤੇ ਦਲਿਤ ਵੋਟਰ ਜੋਕਿ ਕਿ ਪੰਜਾਬ ਵਿੱਚ ਲੱਗਭੱਗ ਤੀਜਾ ਹਿੱਸਾ ਹਨ ਅਤੇ ਹਰ ਚੋਣਾਂ ਵਿੱਚ ਮੁੱਖ ਭੂਮਿਕਾ ਨਿਭਾਂਓ ਦੇ ਹਨ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਾਂਗਰਸ ਪਾਰਟੀ ਵਲੋਂ ਦਲਿਤ ਮੁੱਖ ਮੰਤਰੀ ਦੇ ਨਾਮ ਤੇ ਦਲਿਤਾਂ ਨੂੰ ਅਪਣੇ ਨਾਲ ਜ਼ੋੜ੍ਹਣ ਦੀ ਮੁਹਿੰਮ ਕਿੰਨੀ ਸਫਲ ਹੁੰਦੀ ਹੈ ਅਤੇ ਦਲਿਤ ਵੋਟਰ ਕਾਂਗਰਸ ਪਾਰਟੀ ਨੂੰ ਕਿੰਨਾ ਸਮੱਰਥਨ ਦਿੰਦੇ ਹਨ ਇਹ ਤਾਂ 10 ਮਾਰਚ ਨੂੰ ਚੋਣਾਂ ਦੇ ਨਤੀਜਿਆਂ ਤੋਂ ਹੀ ਪਤਾ ਚੱਲੇਗਾ ਪਰੰਤੂ ਮੋਜੂਦਾ ਸਥਿਤੀ ਵੇਖਕੇ ਪਤਾ ਚੱਲਦਾ ਹੈ ਕਿ ਕਾਂਗਰਸ ਪਾਰਟੀ ਲਈ ਸਫਲਤਾ ਦਾ ਰਾਹ ਅਸਾਨ ਨਹੀਂ ਹੈ। 20 ਸਤੰਬਰ 2021 ਨੂੰ ਪੰਜਾਬ ਸਰਕਾਰ ਵਿੱਚ ਬਦਲਾਓ ਕੀਤਾ ਗਿਆ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹਟਾਕੇ ਇੱਕ ਦਲਿਤ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ। ਇਸਦੇ ਨਾਲ ਸੁਖਜਿੰਦਰ ਸਿੰਘ ਰੰਧਾਵਾ ਜੱਟ ਅਤੇ ਓ ਪੀ ਸੋਨੀ ਹਿੰਦੂ ਨੂੰ ਉੱਪ ਮੁੱਖ ਮੰਤਰੀ ਬਣਾਕੇ ਇਹ ਸੁਨੇਹਾ ਦੇਣ ਦੀ ਕੋਸਿਸ਼ ਕੀਤੀ ਗਈ ਕਿ ਕਾਂਗਰਸ ਪਾਰਟੀ ਸਾਰੇ ਵਰਗਾਂ ਨੂੰ ਨਾਲ ਲੈਕੇ ਚੱਲਣ ਵਾਲੀ ਪਾਰਟੀ ਹੈ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਅਨੁਸੂਚਿਤ ਜਾਤੀ ਦੇ ਵਿਅਕਤੀ ਨੂੰ ਮੁੱਖ ਮੰਤਰੀ ਦੀ ਕੁਰਸੀ ਤੇ ਬਿਠਾਇਆ ਗਿਆ। ਇਸ ਰਾਜਨੀਤਿਕ ਬਦਲਾਓ ਤੋਂ ਬਾਦ ਪੰਜਾਬ ਦੇ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤ ਵਰਗ ਵਿੱਚ ਖੁਸ਼ੀ ਦੀ ਲਹਿਰ ਚੱਲ ਪਈ। ਦਲਿਤਾਂ ਨੇ ਰਾਜਨੀ-ਤਿਕ ਹਿੱਤਾਂ ਤੋਂ ਉੱਪਰ ਉੱਠਕੇ ਵੱਖ ਵੱਖ ਥਾਵਾਂ ਤੇ ਕਾਂਗਰਸ ਪਾਰਟੀ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਅਤੇ ਅਤੇ ਖੁਸ਼ੀਆਂ ਮਨਾਈਆਂ। ਕਾਂਗਰਸ ਪਾਰਟੀ ਬੇਸ਼ੱਕ ਅਪਣੇ ਆਪ ਨੂੰ ਧਰਮ ਨਿਰਪੱਖ ਅਤੇ ਦਲਿਤ ਹਿਤੈਸ਼ੀ ਪਾਰਟੀ ਹੋਣ ਦਾ ਦਾਅਵਾ ਕਰਦੀ ਹੈ ਪਰ ਹਕੀਕਤ ਇਹ ਹੈ ਕਿ ਪੰਜਾਬ ਵਿੱਚ ਜਦੋਂ ਵੀ ਕਿਸੇ ਦਲਿਤ ਨੂੰ ਕਾਂਗਰਸ ਪਾਰਟੀ ਦਾ ਪ੍ਰਧਾਨ ਬਣਾਇਆ ਗਿਆ ਹੈ ਤਾਂ ਗੈਰ ਦਲਿਤ ਆਗੂਆਂ ਨੇ ਉਸ ਪ੍ਰਧਾਨ ਅਧੀਨ ਕੰਮ ਕਰਨ ਤੋਂ ਮਨ੍ਹਾਂ ਕੀਤਾ ਹੈ। ਪੰਜਾਬ ਦੇ ਇੱਕ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੇ ਤਾਂ ਇੱਕ ਟੀਵੀ ਚੈਨਲ ਤੇ ਸਾਫ ਕਿਹਾ ਹੈ ਕਿ ਪੰਜਾਬ ਜ਼ੋਕਿ ਸਿੱਖ ਰਾਜ ਹੈ ਵਿੱਚ ਗੈਰ ਜੱਟ ਮੁੱਖ ਮੰਤਰੀ ਬਣਾਓਣਾ ਜੱਟਾਂ ਨਾਲ ਧੱਕਾ ਹੈ। ਪੰਜਾਬ ਵਿੱਚ ਦਲਿਤ ਮੁੱਖ ਮੰਤਰੀ ਬਣਾਉਣ ਤੋਂ ਬਾਦ ਇਹ ਸੁਪਨਾ ਵੇਖਿਆ ਜਾਣ ਲੱਗਾ ਕਿ ਸਾਲ 2022 ਵਿੱਚ ਪੰਜਾਬ ਵਿੱਚ ਇੱਕ ਵਾਰ ਫਿਰ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਹੀ ਸੱਤਾ ਸੰਭਾਲੇਗੀ ਪਰੰਤੂ ਇਹ ਸੁਪਨਾ ਕੁੱਝ ਦਿਨਾਂ ਬਾਦ ਹੀ ਚਕਨਾਚੂਰ ਹੁੰਦਾ ਨਜਰ ਆਇਆ। ਸਭ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਹੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕਾਰਗੁਜਾਰੀ ਸਬੰਧੀ ਨੁਕਤਾਚਿਨੀ ਕਰਕੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਸਰਕਾਰ ਸਹੀ ਕੰਮ ਨਹੀਂ ਕਰ ਰਹੀ ਹੈ। ਮੁੱਖ ਮੰਤਰੀ ਚਰਨ-ਜੀਤ ਸਿੰਘ ਚੰਨੀ ਅਪਣੇ ਆਪ ਨੂੰ ਇੱਕ ਆਮ ਗਰੀਬ ਵਿਅੱਕਤੀ ਵਿਖਾਉਣ ਦੀ ਕੋਸ਼ਿਸ ਕਰ ਰਿਹਾ ਸੀ ਅਤੇ ਦਲਿਤਾਂ ਨੂੰ ਅਪਣੇ ਨਾਲ ਜ਼ੋੜਣ ਲਈ ਆਏ ਦਿਨ ਨਵੀਂਆਂ ਨਵੀਆਂ ਘੋਸ਼ਣਾਵਾਂ ਕਰ ਰਿਹਾ ਸੀ ਪਰ ਦੂਜੇ ਪਾਸੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਬਿਆਨਬਾਜੀ ਅਤੇ ਸਰਕਾਰ ਦੇ ਕੰਮਾਂ ਵਿੱਚ ਦਖਲਅੰਦਾਜੀ ਲੋਕਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਰਹੀ ਸੀ ਕਿ ਪੰਜਾਬ ਦਾ ਅਸਲੀ ਮੁੱਖ ਮੰਤਰੀ ਕੋਣ ਹੈ।ਕਈ ਵਾਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਜਨਤਕ ਤੋਰ ਤੇ ਇਥੋਂ ਤੱਕ ਕਹਿ ਦਿੱਤਾ ਕਿ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਜਿੱਥੇ ਕਹਿੰਦੇ ਹਨ ਉੱਥੇ ਹੀ ਦਸਤਖੱਤ ਕਰ ਦਿੰਦਾ ਹੈ। ਪੰਜਾਬ ਵਿੱਚ ਇਹ ਆਮ ਲੋਕਾਂ ਵਿੱਚ ਇਹ ਸੁਨੇਹਾ ਜਾਂਦਾ ਰਿਹਾ ਕਿ ਚਰਨਜੀਤ ਸਿੰਘ ਚੰਨੀ ਅਪਣੀ ਮਰਜੀ ਨਾਲ ਕੋਈ ਵੀ ਫੇਸਲੇ ਨਹੀਂ ਲੈ ਸਕਿਆ ਹੈ। 20 ਫਰਵਰੀ 2022 ਨੂੰ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਜਿਨ੍ਹਾਂ ਵਿੱਚ 34 ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ ਤੇ ਹੋਣ ਜਾ ਰਹੀਆਂ ਚੋਣਾਂ ਲਈ ਕਾਂਗਰਸ ਪਾਰਟੀ ਵਲੋਂ ਇੱਕ ਵਾਰ ਫਿਰ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਘੋਸ਼ਿਤ ਕੀਤਾ ਗਿਆ ਹੈ ਪਰ ਇਸ ਘੋਸਣਾ ਲਈ ਦਲਿਤ ਵਰਗ ਵਿੱਚ ਕੋਈ ਉਤਸ਼ਾਹ ਵੇਖਣ ਨੂੰ ਨਜਰ ਨਹੀਂ ਆ ਰਿਹਾ ਹੈ। ਪੰਜਾਬ ਵਿੱਚ ਵਿਧਾਨ ਸਭਾ ਦੀਆਂ ਅਨਸੂਚਿਤ ਜਾਤੀਆਂ ਲਈ ਰਾਖਵੀਆਂ 34 ਸੀਟਾਂ ਤੋਂ ਇਲਾਵਾ ਪੰਜਾਬ ਵਿਸ਼ੇਸ ਤੋਰ ਤੇ ਦੋਆਬਾ ਖੇਤਰ ਦੀਆਂ ਬਹੁਤੀਆਂ ਸੀਟਾਂ ਤੇ ਦਲਿਤ ਵੋਟਰ ਪ੍ਰਭਾਵ ਰੱਖਦੇ ਹਨ ਅਤੇ ਸਰਕਾਰ ਬਣਾਓਣ ਵਿੱਚ ਦਲਿਤ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਵਿੱਚ ਲੱਗੀ ਹੋਈ ਹੈ ਪਰ ਦਲਿਤ ਵਰਗ ਦੇ ਬਹਤੇ ਲੋਕਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਪਣੇ 111 ਦਿਨਾਂ ਦੇ ਕਾਰਜਕਾਲ ਦੌਰਾਨ ਗਰੀਬ ਵਰਗ ਵਿਸ਼ੇਸ਼ ਤੋਰ ਤੇ ਦਲਿਤਾਂ ਲਈ ਕੁੱਝ ਵੀ ਖਾਸ ਨਹੀਂ ਕਰ ਸਕੇ ਹਨ। ਪੰਜਾਬ ਦੇ ਦਲਿਤਾਂ ਦੇ ਪਿਛਲੇ ਕਈ ਸਾਲਾਂ ਤੋਂ ਕੁੱਝ ਵਿਸ਼ੇਸ਼ ਮੁੱਦੇ ਲਟਕੇ ਹੋਏ ਸਨ ਜਿਨ੍ਹਾਂ ਨੂੰ ਲੈਕੇ ਅਕਸਰ ਹੀ ਵਿਚਾਰ ਚਰਚਾ ਅਤੇ ਸੰਘਰਸ਼ ਹੁੰਦਾ ਰਿਹਾ ਹੈ ਜਿਨ੍ਹਾਂ ਨੂੰ ਲੈਕੇ ਲੋਕਾਂ ਵਿੱਚ ਆਸ ਸੀ ਕਿ ਪੰਜਾਬ ਦਾ ਦਲਿਤ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇਨ੍ਹਾਂ ਮੁੱਦਿਆਂ ਤੇ ਕੰਮ ਜਰੂਰ ਕਰੇਗਾ ਪਰ ਇਹ ਮਸਲੇ ਅਜੇ ਵੀ ਅਣਸੁਲਝੇ ਪਏ ਹਨ ਜਿਨਖ਼ਾਂ ਵਿੱਚ ਲੱਗਭੱਗ 20 ਸਾਲ ਪਹਿਲਾਂ ਸੰਵਿਧਾਨ ਵਿੱਚ ਹੋਈ 85ਵੀਂ ਸੋਧ ਨੂੰ ਲਾਗੂ ਕਰਕੇ ਅਨੁਸੂਚਿਤ ਜਾਤਾਂ ਦੇ ਕਰਮਚਾਰੀਆਂ ਨੂੰ ਬਣਦਾ ਲਾਭ ਦੇਣਾ, ਪੋਸਟ ਮੈਟਰਿਕ ਸਕ-ਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨਾ, ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਬੈਕਲਾਗ ਪੂਰਾ ਕਰਨਾ, ਬੇਜਮੀਨੇ ਦਲਿਤਾਂ ਲਈ ਰਹਿਣ ਲਈ ਪਲਾਟ ਦੇਣਾ, ਸ਼ਾਮਲਾਟ ਜ਼ਮੀਨ ਵਿਚੋਂ ਤੀਜਾ ਹਿੱਸਾ ਅਨੁਸੂਚਿਤ ਜਾਤਾਂ ਨੂੰ ਦੇਣਾ, ਦਲਿਤਾਂ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਲਈ ਕੰਮ ਕਰਨਾ ਆਦਿ ਸ਼ਾਮਿਲ ਹਨ । ਅਨੁਸੂਚਿਤ ਜਾਤਾਂ ਦੇ ਕਰਮਚਾਰੀ ਕਈ ਦਿਨ ਮੁੱਖ ਮੰਤਰੀ ਚਰਨਜੀਤ ਸਿੰਘ ਦੇ ਇਲਾਕੇ ਵਿੱਚ ਰੋਸ਼ ਧਰਨਾ ਕਰਦੇ ਰਹੇ ਪਰ ਉਨਖ਼ਾਂ ਦੀਆਂ ਮੰਗਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੋਈ ਹੈ। ਦਲਿਤ ਅਪਣੇ ਹਿੱਸੇ ਦੀ ਜਮੀਨ ਲਈ ਸੰਗਰੂਰ ਅਤੇ ਹੋਰ ਕਈ ਇਲਾਕਿਆਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ ਪਰ ਮੁੱਖ ਮੰਤਰੀ ਨੇ ਉਨ੍ਹਖ਼ਾਂ ਦੀ ਸੁਣਵਾਈ ਨਹੀਂ ਕੀਤੀ ਹੈ। ਪੋਸਟ ਮੈਟਰਿਕ ਸਕ-ਾਲਰਸ਼ਿਪ ਦੇ ਘਪਲੇ ਵਿੱਚ ਓਜਾਗਰ ਹੋਏ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਹੋਰ ਅਧਿਕਾਰੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ ਬਲਕਿ ਇਸ ਵਾਰ ਫਿਰ ਉਸ ਨੂੰ ਹੀ ਟਿਕਟ ਦਿਤੀ ਗਈ ਹੈ।ਦਲਿਤਾਂ ਨਾਲ ਜੁੜ੍ਹੇ ਧਾਰਮਿਕ ਅਤੇ ਇਤਿਹਾਸਿਕ ਸਥਾਨਾਂ ਵਿੱਚ ਹਸਿਆਰਪੁਰ ਜ਼ਿਲ੍ਹੇ ਵਿੱਚ ਪੈਂਦਾ ਸ਼੍ਰੀ ਗੁਰੂ ਰਵਿਦਾਸ ਨਾਲ ਸਬੰਧਿਤ ਸ਼੍ਰੀ ਖੁਰਾਲਗੜ੍ਹ ਸਾਹਿਬ ਪ੍ਰਮੁੱਖ ਹੈ।ਇਸ ਸਥਾਨ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਅਪ੍ਰੈਲ 2016 ਨੂੰ ਇਸ ਸਥਾਨ ਤੇ ਸਰਕਾਰ ਵਲੋਂ ਮਿਨਾਰ ਏ ਬੇਗਮ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਪਰ ਪਿਛਲੇ ਕਈ ਸਾਲਾਂ ਤੋਂ ਨਿਰਮਾਣ ਕਾਰਜ ਮੁਕੰਮਲ ਨਹੀਂ ਹੋਇਆ ਹੈ। 18 ਦਸੰਬਰ 2021 ਨੂੰ ਮੁੱਖ ਮੰਤਰੀ ਨੇ ਇਸ ਸਥਾਨ ਦੀ ਅਪਣੀ ਫੇਰੀ ਦੌਰਾਨ ਕਈ ਘੋਸ਼ਣਾਵਾਂ ਕੀਤੀਆਂ ਹਨ ਪਰ ਉਨ੍ਹਖ਼ਾਂ ਤੇ ਵੀ ਕੰਮ ਨਹੀਂ ਹੋ ਸਕਿਆ ਹੈ।

ਮੋਜੂਦਾ ਮੁੱਖ ਮੰਤਰੀ ਨੇ ਬੇਸ਼ੱਕ ਜਲੰਧਰ ਵਿੱਚ ਡਾਕਟਰ ਅੰਬੇਡਕਰ ਮਿਊਜਿਅਮ ਬਣਾਉਣ ਦੀ ਘੋਸ਼ਣਾ ਕੀਤੀ ਹੈ ਪਰ ਉਸਦੇ ਅਪਣੇ ਜ਼ਿਲ੍ਹਾ ਰੂਪਨਗਰ ਵਿੱਚ ਬਣੇ ਡਾਕਟਰ ਅੰਬੇਡਕਰ ਭਵਨ ਜ਼ੋਕਿ ਵਿਧਾਨ ਸਭਾ ਸਪੀਕਰ ਰਾਣਾ ਕੇ ਪੀ ਸਿੰਘ ਦੀ ਗਿਆਨੀ ਜੈਲ ਸਿੰਘ ਨਗਰ ਵਿੱਚ ਬਣੀ ਕੋਠੀ ਦੇ ਬਿੱਲਕੁਲ ਨਾਲ ਹੈ ਦੀ ਖਸਤਾ ਹਾਲਤ ਮੁੱਖ ਮੰਤਰੀ ਵਲੋਂ ਦਲਿਤਾਂ ਲਈ ਕੀਤੇ ਗਏ ਵਿਕਾਸ ਕਾਰਜਾਂ ਦੀ ਪੋਲ ਖੋਲਦੀ ਹੈ।ਪੰਜਾਬ ਸਰਕਾਰ ਵਲੋਂ ਬੇਜਮੀਨੇ ਦਲਿਤਾਂ ਨੂੰ ਰਹਿਣ ਲਈ ਪਲਾਟ ਦੇਣ ਸਬੰਧੀ ਸਰਕਾਰ ਵਲੋਂ ਘੋਸ਼ਣਾ ਕੀਤੀ ਗਈ ਪਰ ਬਹੁਤੇ ਪਿੰਡਾਂ ਵਿੱਚ ਪੰਚਾਇਤਾਂ ਦੇ ਮਤਿਆਂ ਦੇ ਬਾਬਜੂਦ ਵੀ ਜਰੂਰਤਮੰਦਾਂ ਨੂੰ ਪਲਾਟ ਨਹੀਂ ਮਿਲ ਸਕੇ ਹਨ। ਦਲਿਤ ਮੁੱਖ ਮੰਤਰੀ ਦੀ ਅਗਵਾਈ ਵਿੱਚ ਪੰਜਾਬ ਅਨੁਸੂਚਿਤ ਜਾਤਿ ਆਯੋਗ ਵਿੱਚ ਬੇਸ਼ੱਕ ਚੇਅਰਮੈਨ ਦੀ ਨਿਯੁਕਤੀ ਤੱਕ ਨਹੀਂ ਕੀਤੀ ਗਈ ਹੈ ਪਰ ਦੂਜੇ ਪਾਸੇ ਜਲਦਬਾਜ਼ੀ ਵਿੱਚ ਜਨਰਲ ਸ਼੍ਰੇਣੀ ਆਯੋਗ ਦੀ ਸਥਾਪਨਾ ਕੀਤੀ ਗਈ ਹੈ।ਇਸ ਦਲਿਤ ਮੁੱਖ ਮੰਤਰੀ ਦੇ ਹਰਮਨ ਪਿਆਰਾ ਹੋਣ ਦੇ ਦਾਅਵਿਆਂ ਦੀ ਪੋਲ ਖੋਲਦਿਆਂ ਪੰਜਾਬ ਦੇ ਸਾਬਕਾ ਪ੍ਰਧਾਨ ਨੇ ਜਨਤਕ ਤੋਰ ਤੇ ਕਿਹਾ ਹੈ ਕਿ ਮੁੱਖ ਮੰਤਰੀ ਦੀ ਚੋਣ ਲਈ ਹੋਈਆਂ ਵੋਟਾਂ ਵੇਲੇ ਮੋਜੂਦਾ ਮੁੱਖ ਮੰਤਰੀ ਨੂੰ ਸਭ ਤੋਂ ਘੱਟ ਸਿਰਫ 02 ਵਿਧਾਇਕਾਂ ਜਿਨਖ਼ਾਂ ਵਿੱਚ 01 ਉਨ੍ਹਖ਼ਾਂ ਦੀ ਅਪਣੀ ਵੋਟ ਸੀ ਹੀ ਮਿਲੇ ਸਨ ਜਦਕਿ ਸੁਨੀਲ ਜਾਖੜ ਨੂੰ 42, ਸੁਖਜਿੰਦਰ ਸਿੰਘ ਰੰਧਾਵਾ ਨੂੰ 16, ਲੋਕ ਸਭਾ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਨੂੰ 12, ਮੋਜੂਦਾ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ 06 ਵਿਧਾਇਕਾਂ ਨੇ ਹੀ ਸਮੱਰਥਨ ਦਿੱਤਾ ਸੀ। ਪੰਜਾਬ ਦਾ ਦਲਿਤ ਮੁੱਖ ਮੰਤਰੀ ਜਿਸ ਨੂੰ ਲੈਕੇ ਕਾਂਗਰਸ ਪਾਰਟੀ ਫਰਵਰੀ 2022 ਦੀਆਂ ਚੋਣਾਂ ਲੜ੍ਹ ਰਹੀ ਹੈ ਕਈ ਵਾਰ ਵਿਵਾਦਾਂ ਅਤੇ ਚਰਚਾ ਵਿੱਚ ਰਹੇ ਹਨ।ਅਪਣੇ ਆਪ ਨੂੰ ਗਰੀਬ ਅਤੇ ਮਜਦੂਰ ਦੱਸਣ ਵਾਲੇ ਮੁੱਖ ਮੰਤਰੀ 2017 ਵਿੱਚ ਇੱਕ ਜ਼ੋਤਸ਼ੀ ਦੇ ਕਹਿਣ ਤੇ ਅਪਣੇ ਘਰ ਦੇ ਬਾਹਰ ਪਾਰਕ ਵਿੱਚੋਂ ਨਜਾਇਜ਼ ਸੜ੍ਹਕ ਬਣਾਉਣ ਜ਼ੋਕਿ ਬਾਦ ਵਿੱਚ ਪ੍ਰਸ਼ਾਸ਼ਨ ਨੇ ਬੰਦ ਕਰ ਦਿੱਤੀ ਸੀ ਕਾਰਨ ਵਿਵਾਦਾਂ ਵਿੱਚ ਆ ਗਏ।ਇਸ ਤੋਂ ਬਾਦ ਅਪਣੇ ਘਰ ਦੇ ਲਾਅਨ ਵਿੱਚ ਹਾਥੀ ਦੀ ਸਵਾਰੀ ਕਰਨ ਕਾਰਨ ਵੀ ਵਿਵਾਦਾਂ ਵਿੱਚ ਰਹੇ। ਉਨ੍ਹਖ਼ਾਂ ਦੀ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਇੱਕ ਵੀਡੀਓ ਜਿਸ ਵਿੱਚ ਲੈਕਚਰਾਰ ਦੇ ਇੱਕ ਅਹੁਦੇ ਲਈ ਉਹ ਸਿੱਕਾ ਉਛਾਲਕੇ ਟਾਸ ਕਰਦੇ ਨਜਰ ਆਏ ਕਾਰਨ ਵੀ ਚਰਚਾ ਵਿੱਚ ਰਹੇ।ਮਾਰਚ 2018 ਵਿੱਚ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਲੋਂ ਚਰਨਜੀਤ ਸਿੰਘ ਚੰਨੀ ਤੇ ਰੇਤ ਦੀ ਨਜ਼ਾਇਜ਼ ਮਾਇਨਿੰਗ ਦੇ ਦੋਸ਼ ਲਗਾਏ ਗਏ ਸਨ। ਇੱਕ ਮਹਿਲਾ ਆਈ ਏ ਐਸ ਅਧਿ-ਕਾਰੀ ਨੂੰ ਅਪਮਾਨਜਨਕ ਸੰਦੇਸ ਭੇਜਣ ਕਾਰਨ ਵੀ ਮੁੱਖ ਮੰਤਰੀ ਚਰਚਾ ਵਿੱਚ ਰਹੇ। ਇਹ ਮਾਮਲਾ ਮਹਿਲਾ ਆਯੋਗ ਵਿੱਚ ਪੁੱਜਣ ਤੋਂ ਬਾਦ ਇਸ ਮਹਿਲਾ ਅਧਿਕਾਰੀ ਅਤੇ ਉਸਦੇ ਪਤੀ ਤੋਂ ਮੁਆਫੀ ਮੰਗਣ ਤੋਂ ਬਾਦ ਹੀ ਇਹ ਮਾਮਲਾ ਸ਼ਾਂਤ ਹੋਇਆ ਸੀ। ਮੁੱਖ ਮੰਤਰੀ ਦੇ ਇੱਕ ਵਿਵਾਦਿਤ ਪਾਦਰੀ ਦੇ ਨਾਲ ਕ੍ਰਿਸਚੀਅਨ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਕਾਰਨ ਵੀ ਵਿਵਾਦਾਂ ਵਿੱਚ ਰਹੇ ਹਨ। 05 ਜਨਵਰੀ 2022 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦੌਰਾਨ ਫਿਰੋਜ਼ਪੁਰ ਵਿੱਚ ਹੋਈ ਸੁਰੱਖਿਆ ਸਬੰਧੀ ਲਾਪਰਵਾਹੀ ਅਤੇ ਇਸ ਬਾਰੇ ਮੁੱਖ ਮੰਤਰੀ ਵਲੋਂ ਕੀਤੀ ਗਈ ਗੱਲਤ ਬਿਆਨਬਾਜੀ ਅਤੇ ਬਾਦ ਵਿੱਚ ਮੁਆਫੀ ਮੰਗਣ ਕਾਰਨ ਵੀ ਮੁੱਖ ਮੰਤਰੀ ਚਰਚਾ ਵਿੱਚ ਰਹੇ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਕਰੀਬੀ ਰਿਸ਼ਤੇਦਾਰ ਭੁਪਿੰਦਰ ਸਿੰਘ ਹਨੀ ਦੇ ਘਰ ਤੋਂ ਪਕੜੇ ਗਏ 10 ਕਰੋੜ੍ਹ ਰੁਪਏ ਅਤੇ ਹੋਰ ਕੀਮਤੀ ਵਸਤਾਂ ਅਤੇ ਇਸ ਸਬੰਧੀ ਹਨੀ ਦਾ ਵਿਵਾਦਿਤ ਬਿਆਨ ਕਿ ਇਹ ਪੈਸਾ ਮਾਇਨਿੰਗ ਅਤੇ ਅਧਿਕਾਰੀਆਂ ਦੀਆਂ ਬਦਲੀਆਂ ਦਾ ਹੈ ਕਾਰਨ ਵੀ ਮੁੱਖ ਮੰਤਰੀ ਵਿਵਾਦਾਂ ਵਿੱਚ ਹਨ। 36000 ਮੁਲਾਜ਼ਿਮਾਂ ਨੂੰ ਪੱਕੇ ਕਰਨ ਦੇ ਵਿਵਾਦਿਤ ਫਲੈਕਸਾਂ ਕਾਰਨ ਵਿਰੋਧੀਆਂ ਅਤੇ ਆਮ ਲੋਕਾਂ ਵਲੋਂ ਮੁੱਖ ਮੰਤਰੀ ਨੂੰ ਐਲਾਨ ਮੰਤਰੀ ਤੱਕ ਕਿਹਾ ਗਿਆ ਹੈ। ਵਿਰੋ-ਧੀਆਂ ਦੇ ਨਾਲ ਨਾਲ ਕਾਂਗਰਸ ਪਾਰਟੀ ਦੇ ਲੀਡਰ ਵੀ ਮੁੱਖ ਮੰਤਰੀ ਤੋਂ ਖਿਲਾਫ ਹੋਕੇ ਕੰਮ ਕਰਦੇ ਨਜਰ ਆ ਰਹੇ ਹਨ। ਮੁੱਖ ਮੰਤਰੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ 02 ਵੱਖ ਵੱਖ ਹਲਕਿਆਂ ਚਮਕੌਰ ਸਾਹਿਬ ਅਤੇ ਭਦੌੜ ਤੋਂ ਚੋਣ ਲੜ ਰਹੇ ਹਨ। ਪੰਜਾਬ ਦੇ ਵੋਟਰ ਇਸ ਗੱਲ ਕਾਰਨ ਵੀ ਹੈਰਾਨ ਹਨ ਕਿ ਜੇਕਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਵਿੱਚ ਵਿਕਾਸ ਦੇ ਕੰਮ ਕੀਤੇ ਹਨ ਤਾਂ ਉਹ ਸਿਰਫ ਰਾਖਵੇਂ ਹਲਕਿਆਂ ਤੋਂ ਹੀ ਚੋਣ ਕਿਉਂ ਲੜ ਰਹੇ ਹਨ। ਮੁੱਖ ਮੰਤਰੀ ਦਾ ਅਪਣਾ ਸਕਾ ਭਰਾ ਡਾਕਟਰ ਮਨੋਹਰ ਸਿੰਘ ਪਾਰਟੀ ਵਲੋਂ ਟਿਕਟ ਨਾਂ ਮਿਲਣ ਕਾਰਨ ਰਾਖਵਾਂ ਹਲਕਾ ਬਸੀ ਪਠਾਣਾ ਤੋਂ ਅਜਾਦ ਚੋਣ ਲੜ੍ਹ ਰਿਹਾ ਹੈ। ਮੁੱਖ ਮੰਤਰੀ ਦੇ ਕਰੀਬੀ ਰਿਸ਼ਤੇਦਾਰ ਅਤੇ ਪੁਰ-ਾਣੇ ਦਲਿਤ ਕਾਂਗਰਸੀ ਆਗੂ ਮਹਿੰਦਰ ਸਿੰਘ ਕੇਪੀ ਨੂੰ ਟਿਕਟ ਨਾਂ ਮਿਲਣ ਕਾਰਨ ਉਹ ਵੀ ਕਾਂਗਰਸ ਅਤੇ ਮੁੱਖ ਮੰਤਰੀ ਤੋਂ ਨਰਾਜ ਚੱਲ ਰਹੇ ਹਨ। ਰਾਜ ਸਭਾ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ ਵੀ ਮੁੱਖ ਮੰਤਰੀ ਤੋਂ ਨਰਾਜ ਨਜਰ ਆ ਰਹੇ ਹਨ। ਇਸ ਤਰਾਂ ਕੁੱਲ ਮਿਲਾਕੇ ਵੇਖੀਏ ਤਾਂ ਜਿਸ ਦਲਿਤ ਮੁੱਖ ਮੰਤਰੀ ਦੇ ਨਾਮ ਤੇ ਕਾਂਗਰਸ ਪਾਰਟੀ ਪੰਜਾਬ ਵਿੱਚ ਇੱਕ ਵਾਰ ਫਿਰ ਸੱਤਾ ਤੇ ਕਾਬਜ਼ ਹੋਣਾ ਚਾਹੁੰਦੀ ਹੈ ਉਸ ਦਲਿਤ ਮੁੱਖ ਮੰਤਰੀ ਕਾਰਨ ਨਰਾਜ ਹੋਈ ਦਲਿਤ ਵੋਟ ਹੀ ਕਾਂਗਰਸ ਪਾਰਟੀ ਨੂੰ ਸੱਤਾ ਤੋਂ ਬਾਹਰ ਰੱਖ ਸਕਦੀ ਹੈ।




# ਸਿਆਸੀ ਚਮਚਿਆਂ ਤੋਂ ਬਚੋ




ਲੰਘਿਆ ਸਾਲ ਪੰਜਾਬੀਆਂ ਨੂੰ ਆਪਿਸ ਵਿੱਚ ਦੁਬਾਰਾ ਤੋਂ ਜੋੜ੍ਹਨ ਵਾਲਾ ਸਾਲ ਹੋ ਨਿਬੜਿਆ ।ਪਰ ਇਸ ਸਾਲ ਪੰਜਾਬ ਵਿੱਚ ਵੋਟਾਂ ਦਾ ਮਾਹੌਲ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ।ਕਿਸਾਨੀ ਸੰਘਰਸ਼ ਨੇ ਪੇਂਡੂ ਇਲਾਕਿਆਂ ਵਿੱਚ ਦੁਬਾਰਾ ਤੋਂ ਭਾਈਚਾਰੇ ਦੀ ਭਾਵਨਾ ਪੈਦਾ ਕਰ ਦਿੱਤੀ ਸੀ।ਪਰ ਹੁਣ ਸਾਫ ਦੇਖ ਸਕਦੇ ਹਾਂ ਕਿ ਗੰਦੀ ਰਾਜਨੀਤੀ ਨੇ ਫ਼ੇਰ ਤੋਂ ਆਪਣਾ ਗਲਬਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ।ਰਾਜਨੀਤਿਕ ਪਾਰਟੀਆਂ ਦੇ ਮੁੱਲ ਖਰੀਦੇ ਹੋਏ ਏਜੇਂਟ ਲੋਕਾਂ ਨੂੰ ਪਾੜਨ ਦਾ ਕੰਮ ਬਾ ਖ਼ੂਬੀ ਕਰਨ ਲੱਗੇ ਹੋਏ ਹਨ।ਅਜਿਹੇ ਭਾੜੇ ਦੇ ਇਜੇਂਟ ਖੁਦ ਤਾਂ ਸੰਬਧਿਤ ਪਾਰਟੀ ਦੇ ਜ਼ਿਲ੍ਹੇ ਦੇ ਲੀਡਰ ਕੋਲੋਂ ਪੈਸੇ ਲੈਂਦੇ ਹਨ ਤੇ ਫਿਰ ਉਹਨਾਂ ਦੇ ਹੱਕ ਵਿੱਚ ਤੁਰਦੇ ਹਨ।ਪਿੰਡ ਵਿੱਚ ਇਹ ਖੁਦ ਨੂੰ ਪਿੰਡ ਦਾ ਮੁੱਖ ਮੰਤਰੀ ਸਮਝ ਕੇ ਵਿਚਰਦੇ ਹਨ।ਪਿੰਡ ਦੇ ਕਿਸੇ ਝਗੜੇ ਵਿੱਚ ਕਈ ਵਾਰ ਬੁਲਾਏ ਤੇ ਕਈ ਵਾਰ ਬਿਨਾਂ ਬੁਲਾਏ ਆਪਣੀ ਚੌਧਰ ਜਮਾਉਣ ਪਹੁੰਚ ਜਾਂਦੇ ਹਨ।ਕਿਸੇ ਸਮੇਂ ਧੀ ਧਿਆਣੀ ਦੇ ਸਹੁਰਿਆਂ ਨਾਲ ਕਿਸੇ ਰੌਲੇ ਦਾ ਪਿੰਡ ਦੀ ਪੰਚਾਇਤ ਆਪਣਾ ਫਰਜ਼ ਸਮਝ ਕੇ ਨਿਪਟਾਰਾ ਕਰਦੀ ਸੀ।ਪਰ ਅੱਜਕਲ੍ਹ ਅਜਿਹੇ ਅਖੌਤੀ ਲੀਡਰ ਇਸਦਾ ਭਰਪੂਰ ਸਿਆਸੀ ਲਾਹਾ ਖੱਟਦੇ ਹਨ।ਧੀ ਵਾਲੇ ਪਰਿਵਾਰ ਨੂੰ ਸ਼ਰੇਆਮ ਧਮਕਾਉਂਦੇ ਵੀ ਹਨ।ਇਹ ਕਦੇ ਵੀ ਨਹੀਂ ਚਾਹੁੰਦੇ ਕਿ ਪਿੰਡ ਵਿੱਚ ਏਕਾ ਹੋਵੇ।ਅੰਦਰ ਖਾਤੇ ਇਹ ਖੁਦ ਅਜਿਹੀਆਂ ਚਾਲਾਂ ਚੱਲਦੇ ਨੇ ਕਿ ਲੋਕ ਆਪਸ ਵਿੱਚ ਹੀ ਲੜਦੇ ਰਹਿਣ ਤੇ ਇਹਨਾਂ ਨੂੰ ਬੁਰਕੀ ਖੋਹਣ ਦਾ ਮੌਕਾ ਮਿਲਦਾ ਰਹੇ ।ਅਜਿਹੇ ਲੋਕਾਂ ਤੋਂ ਅਜਿਹੇ ਸਮੇਂ ਵਿੱਚ ਸਾਡੇ ਲੋਕਾਂ ਦਾ ਜਾਗਰੂਕ ਹੋਣਾ ਬੇਹੱਦ ਜ਼ਰੂਰੀ ਹੈ।ਇਹਨਾਂ ਰਾਜਨੀਤਿਕ ਚਮ-ਚਿਆਂ ਨੇ ਸਿਰਫ ਪਿੰਡਾਂ ਦਾ ਮਾਹੌਲ ਹੀ ਖਰਾਬ ਨਹੀਂ ਕੀਤਾ ਬਲਕਿ ਨਸ਼ਿਆਂ ਦੇ ਪਸਾਰ ਵਿੱਚ ਵੀ ਇਹਨਾਂ ਦਾ ਬਹੁਤ ਵੱਡਾ ਹੱਥ ਹੈ।ਮੇਰੀ ਤਾਂ ਸਾਰੇ ਨੌਜਵਾਨ ਵੀਰਾਂ ਨੂੰ ਬੇਨਤੀ ਹੈ ਕਿ ਅਜਿਹੇ ਵਿਕਾਊ ਬੰਦਿਆਂ ਕੋਲੋਂ ਆਪਣੇ ਆਪਣੇ ਪਿੰਡ ਨੂੰ ਸੁਚੇਤ ਕਰੋ।ਇਹ ਤੁਹਾਡੇ ਵਿੱਚ ਹੀ ਰਹਿੰਦੇ ਹੋਏ ,ਤੁਹਾਡਾ ਨੁਕਸਾਨ ਕਰ ਰਹੇ ਹਨ।ਵਾਹਿਗੁਰੂ ਮੇਹਰ ਕਰੇ ਮੇਰੇ ਪੰਜਾਬ ਤੇ।

ਰਾਜਨਦੀਪ ਕੌਰ ਮਾਨ
6239326166

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ, ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 645ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ–ਏਰੀਆ (ਕੈਲੇਫੋਰਨੀਆ)
ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ
27 ਮਾਰਚ 2022 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ








**Ram Lubhaya**
President - Shri Guru Ravidass Sabha
Bay Area (California)

**Star Chaat Indian Cuisine**
4930 Dublin Blvd #800, Dublin, CA



# SUNSHINE AUTO CARE INC.
DBA
# PHILLIPS AUTO CARE

## Auto Services:
* Oil Change Services
* Factory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

## Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ

hablamos español

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check VISA
T-Check
EFS Check

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# ਹਾਵਰਡ ਯੁਨੀਵਰਸਿਟੀ ਦੇ ਇਕ ਪ੍ਰੋਫੈਸਰ ਉਪਰ ਵਿਦਿਆਰਥਣਾਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼

ਸੈਕਰਾਮੈਂਟੋ 11 ਫਰਵਰੀ (ਹੁਸਨ ਲੜੋਆ ਬੰਗਾ)- ਹਾਵਰਡ ਯੁਨੀਵਰਸਿਟੀ ਦੇ ਐਂਥਰੋਪਾਲੋਜੀ ਵਿਭਾਗ ਦੀਆਂ 3 ਗਰੈਜੂਏਟ ਵਿਦਿਆਰਥਣਾਂ ਨੇ ਦਾਇਰ ਇਕ ਪਟੀਸ਼ਨ ਵਿਚ ਇਕ ਪ੍ਰੋਫੈਸਰ ਉਪਰ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਲਾਏ ਹਨ ਤੇ ਕਿਹਾ ਹੈ ਕਿ ਯੁਨੀ-ਵਰਸਿਟੀ ਪ੍ਰੋਫੈਸਰ ਵਿਰੁੱਧ ਕਾਰਵਾਈ ਕਰਨ ਵਿਚ ਨਾਕਾਮ ਰਹੀ ਹੈ। ਇਸ ਹਫਤੇ ਦੇ ਸ਼ੁਰੂ ਵਿਚ ਦਾਇਰ ਕੀਤੀ ਗਈ ਪਟੀਸ਼ਨ ਵਿਚ ਮਾਰਗਰਟ ਜ਼ਰਵੀਨਸਕੀ, ਲੀਲਾ ਕਿਲਬਰਨ ਤੇ ਅਮੁ-ਲੀਆ ਮੰਡਾਵਾ ਨਾਮੀ ਵਿਦਿਆਰਥਣਾਂ ਨੇ ਦੋਸ਼ ਲਾਇਆ ਹੈ ਕਿ ਅਫਰੀਕਨ ਅਮਰੀਕਨ ਸਿੱਖਿਆ ਤੇ ਐਨ-ਥਰੋਪਾਲੋਜੀ ਦੇ ਪ੍ਰੋਫੈਸਰ ਜੌਹਨ ਕੋਮਾਰੌਫ ਵੱਲੋਂ ਬਿਨਾਂ



ਸਹਿਮਤੀ ਦੇ ਵਿਦਿਆਰਥਣਾਂ ਦੇ ਜਬਰਨ ਚੁੰਮਣ ਲਏ ਜਾਂਦੇ ਹਨ ਤੇ ਸਰੀਰਕ ਛੇੜਛਾੜ ਕੀਤੀ ਜਾਂਦੀ ਹੈ। ਸੈਕਸ ਦੇ ਨਜਰੀਏ ਤੋਂ ਹੋਰ ਅਸ਼ਲੀਲ ਹਰਕਤਾਂ ਕੀਤੀਆਂ ਜਾਂਦੀਆਂ ਹਨ ਤੇ ਜੇਕਰ ਉਹ ਵਿਰੋਧ ਕਰ-ਦੀਆਂ ਹਨ ਤਾਂ ਪ੍ਰੋਫੈਸਰ ਵੱਲੋਂ ਉਨਾਂ ਦਾ ਕਰੀਅਰ ਤਬਾਹ ਕਰ ਦੇਣ ਦੀ ਧਮਕੀ ਦਿੱਤੀ ਜਾਂਦੀ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਯੁਨੀਵਰਸਿਟੀ ਪ੍ਰੋਫੈਸਰ ਵਿਰੁੱਧ ਪ੍ਰੇਸ਼ਾਨ ਕਰਨ ਦੀਆਂ ਸ਼ਿਕਾਇਤਾਂ 'ਤੇ ਕੋਈ ਕਾਰਵਾਈ ਕਰਨ ਵਿਚ ਨਾਕਾਮ ਰਹੀ ਹੈ। ਅਜਿਹਾ ਕਰਕੇ ਯੁਨੀ-ਵਰਸਿਟੀ ਨੇ ਆਪਣੇ ਉਪਰ ਦਾਗ ਨਾ ਲੱਗਣ ਦੇਣ ਦੀ ਨੀਤੀ ਦੀ ਪਾਲਣਾ ਨਹੀਂ ਕੀਤੀ। ਦੂਸਰੇ ਪਾਸੇ ਪ੍ਰੋਫੈਸਰ ਕੋਮਾਰੌਫ ਦੇ ਵਕੀਲਾਂ ਨੇ ਇਕ ਬਿਆਨ ਵਿਚ ਵਿਦਿਆਰਥਣਾਂ ਦੇ ਦੋਸ਼ਾਂ ਨੂੰ ਰੱਦ ਕੀਤਾ ਹੈ। ਵਕੀਲਾਂ ਨੇ ਕਿਹਾ ਹੈ ਕਿ ਜਬਰਨ ਚੁੰਮਣ ਲੈਣ ਜਾਂ ਅਣਉਚਿੱਤ ਤਰੀਕੇ ਨਾਲ ਵਿਦਿਆਰਥਣ ਨੂੰ ਛੂਹਣ ਦੇ ਦੋਸ਼ਾਂ ਵਿਚ ਕੋਈ ਸੱਚਾਈ ਨਹੀਂ ਹੈ। ਵਕੀਲਾਂ ਦਾ ਕਹਿਣਾ ਹੈ ਕਿ ਪ੍ਰੋਫੈਸਰ ਕੋਮਾਰੌਫ ਇਕ ਜਾਣਿਆ ਪਹਿਚਾਣਿਆ ਵਿਦ-ਵਾਨ ਹੈ ਤੇ ਉਹ ਦਹਾਕਿਆਂ ਤੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਸੰਵਾਰਨ ਦਾ ਕੰਮ ਕਰ ਰਿਹਾ ਹੈ। ਉਹ ਆਪਣੇ ਕਿੱਤੇ ਨੂੰ ਪੂਰੀ ਤਰਾਂ ਸਮਰਪਿਤ ਹੈ।

# ਵਿਦਿਆਰਥੀਆਂ ਵੱਲੋਂ ਇਸਾਈ ਸਮਾਗਮ ਵਿਚ ਜਬਰਨ ਭੇਜਣ ਦਾ ਵਿਰੋਧ, ਕੀਤਾ ਵਾਕਆਊਟ

ਸੈਕਰਾਮੈਂਟੋ 11 ਫਰਵਰੀ (ਹੁਸਨ ਲੜੋਆ ਬੰਗਾ)- ਹੰਟਿੰਗਟਨ ਹਾਈ ਸਕੂਲ ਵੈਸਟ ਵਰਜੀਨੀਆ ਵਿਚ ਆਯੋਜਿਤ ਇਸਾਈ ਸਮੇਲਣ ਵਿਚ ਜਾਣ ਦਾ ਵਿਦਿਆਰਥੀਆਂ ਵੱਲੋਂ ਵਿਰੋਧ ਕੀਤਾ ਗਿਆ। ਇਸ ਸਮੇਲਣ ਵਿਚ ਇਸਾਈ ਪਾਦਰੀ ਨਿਕ ਵਾਕਰ ਨੇ ਵਿਦਿਆਰਥੀਆਂ ਨੂੰ ਅੱਖਾਂ ਬੰਦ ਕਰਕੇ ਤੇ ਹੱਥ ਉਪਰ ਕਰਕੇ ਜੀਸਸ ਅੱਗੇ ਪ੍ਰਾਰਥਨਾ ਕਰਨ ਲਈ ਕਿਹਾ ਗਿਆ। ਨਿਕ ਵਾਕਰ ਨੇ ਕਿਹਾ ਕਿ ਜੋ ਲੋਕ ਬਾਈਬਲ ਨੂੰ ਨਹੀਂ ਮੰ-ਨਣਗੇ ਉਹ ਮਰਨ ਤੋਂ ਬਾਅਦ ਨਰਕਾਂ ਵਿਚ ਜਾਣਗੇ। ਕਈ ਵਿਦਿਆਰਥੀਆਂ ਨੇ ਇਸ ਸੰਮੇਲਨ ਦਾ ਵਿਰੋਧ ਕੀਤਾ ਤੇ ਉਹ ਬਾਈਕਾਟ ਕਰਕੇ ਬਾਹਰ ਆ ਗਏ।




ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨਾਂ ਨੂੰ ਸਮੇਲਣ ਬਾਰੇ ਤੇ ਸਮੇਲਣ ਵਿਚ ਆ ਰਹੇ ਬੁਲਾਰੇ ਬਾਰੇ ਕੋਈ ਜਾਣਕ-ਾਰੀ ਨਹੀਂ ਦਿੱਤੀ ਗਈ ਤੇ ਕੇਵਲ ਏਨਾ ਕਿਹਾ ਗਿਆ ਕਿ ਸਮੇਲਣ ਵਿਚ ਜਾਣਾ ਜਰੂਰੀ ਹੈ।

# ਬੰਗਾ ਤੋਂ ਉਮੀਦਵਾਰ ਸ.ਮੱਖਣ ਸਿੰਘ ਤਾਹਰਪੁਰੀ ਦਾ ਦਿਹਾਂਤ

ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਵਿਧਾਨ ਸਭਾ ਹਲਕਾ ਬੰਗਾ ਤੋਂ ਉਮੀਦਵਾਰ ਸ. ਮੱਖਣ ਸਿੰਘ ਤਾਹਰਪੁਰੀ ਦਾ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ। ਇਸ ਸੰਬੰਧੀ ਰਿਟਰਨਿੰਗ ਅਫ਼ਸਰ ਮੈਡਮ ਨਵਦੀਪ ਕੌਰ




ਬੱਲ (ਪੀ.ਸੀ.ਐੱਸ.) ਨੇ ਕਿਹਾ ਕਿ ਉਮੀਦਵਾਰ ਸ. ਮੱਖਣ ਸਿੰਘ ਤਾਹਰਪੁਰੀ ਦੀ ਮੌਤ ਨਾਲ ਬੰਗਾ ਹਲਕੇ ਦੀ ਚੋਣ ਪ੍ਰਕਿਰਿਆ 'ਤੇ ਕੋਈ ਅਸਰ ਨਹੀਂ ਪਵੇਗਾ। ਅਸੀਂ ਉਹਨਾਂ ਦੇ ਅਚਨਚੇਤ ਤੇ ਬੇਵਕਤੀ ਵਿਛੋੜੇ 'ਤੇ ਅਫ਼ਸੋਸ ਪ੍ਰਗਟ ਕਰਦੇ ਹਾਂ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html



Let us celebrate Professor Ronki Ram's incisive political critique, his extraordinary ability to situate historically the genesis of present inequalities and injustices of class, caste and creed, of present and past contradictions in political dispensations, of possible future horizons. Let us celebrate all this, and more, his courage and conviction.

**Harjeet Singh Gill**
Professor Emeritus, JNU

Ronki Ram has given a brilliant account of the century-long history of the non-violent Kisan movement in the Punjab. It shows how history works through legend and vice versa.

**Amarjit Chandan**
Writer & Activist

In this brilliant and timely book, Professor Ronki Ram provides an incisive and meticulous account of one of the most significant and long running social movements of recent times - the Indian farmers protests of 2020-2021. With the roots of this protest in the state of East Punjab, Professor Ram crucially places this contemporary movement within both the historical context of agrarian change, struggle and protest in Punjab over the past century and the political economy of Punjab, India and capitalist globalisation. This unique and powerful analysis should be essential reading for academics, activists, policy-makers, journalists and anyone with an interest in Punjab, India, agrarian change and social protest globally.

**Professor Steve Taylor**
Centre for International Development
Northumbria University, UK

Forever Learning
ISBN 978-93-5205-597-5

We congratulate Dr. Ronki Ram for conducting a detailed study of the Samyukt Kisan Morcha at the borders of Delhi and grounding it in the golden Pre and Post-Partition Farmers' Struggle in Punjab.

We also sincerely congratulate all Kisan and Mazdoor organizations for leading this longest, largest and the most invigorating as well as deeply peaceful struggle in the history of farmers' movement so far.

**Prem K. Chumber**
Editor-in-Chief: Ambedkar Times


# ਪੰਜਾਬੀਓ, ਵੇਲਾ ਖਿੜਕਣ ਦਾ ਨਹੀਂ, ਸੰਭਲਣ ਦਾ



ਗੁਰਮੀਤ ਸਿੰਘ ਪਲਾਹੀ
9815802070

ਪੰਜਾਬ ਚੋਣਾਂ ਦਾ ਮਾਹੌਲ ਹੰਢਾ ਰਿਹਾ ਹੈ। ਪੰਜਾਬ, ਨੇਤਾਵਾਂ ਦੀਆਂ ਚੰਗੀਆਂ-ਮੰਦੀਆਂ ਗੱਲਾਂ ਸੁਣ ਰਿਹਾ ਹੈ। ਪੰਜਾਬ ਦੇ ਕੋਨੇ-ਕੋਨੇ ਆਵਾਜ਼ ਗੂੰਜ ਰਹੀ ਹੈ, ਸਿਆਸੀ ਧਿਰਾਂ ਵਲੋਂ, ਸਿਆਸੀ ਨੇਤਾਵਾਂ ਵਲੋਂ "ਅਸੀਂ ਨਵਾਂ ਪੰਜਾਬ ਸਿਰਜਣਾ ਹੈ। ਅਸੀਂ ਪੰਜਾਬ 'ਚ ਨਵੀਂ ਰੂਹ ਫੂਕਣੀ ਹੈ।" ਪੁੱਛੋ ਤਾਂ ਸਹੀ ਉਹਨਾ ਨੂੰ ਕਿ ਉਹ ਕੇਹਾ ਨਵਾਂ ਪੰਜਾਬ ਸਿਰਜਣਾ ਚਾਹੁੰਦੇ ਹਨ? ਪਿਛਲੇ ਵਰ੍ਹਿਆਂ 'ਚ ਉਹ ਚੁੱਪ ਧਾਰੀ ਕਿਉਂ ਬੈਠੇ ਰਹੇ? ਪੰਜਾਬ ਨੂੰ ਉਜਾੜੇ ਵੱਲ ਜਾਣ ਤੋਂ ਉਹਨਾ ਕਿਉਂ ਨਾ ਰੋਕਿਆ?

ਨੇਤਾਵਾਂ ਵਲੋਂ ਵੱਡੇ ਵਾਇਦੇ ਹੋ ਰਹੇ ਹਨ। ਨਵੀਆਂ ਰਿਐਤਾਂ ਦੇਣ ਲਈ ਵਧ-ਚੜ੍ਹ ਕੇ ਉਹਨਾ ਵਲੋਂ ਦਮਗਜੇ ਮਾਰੇ ਗਏ ਹਨ। ਚੋਣ ਘੋਸ਼ਣਾ ਪੱਤਰਾਂ 'ਚ, ਜੋ ਹਾਲੀ ਬਹੁਤਿਆਂ ਧਿਰਾਂ ਨੇ ਜਾਰੀ ਕਰਨਾ ਹੈ, ਵਿੱਚ ਕਈ ਕਈ ਨੁਕਤੇ ਦਰਸਾਏ ਜਾਣਗੇ, ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਸਹੂਲਤਾਂ ਦੀ ਗੱਲ ਕੀਤੀ ਜਾਏਗੀ। ਦੇਸ਼ ਦਾ ਵੱਡੇ ਤੋਂ ਵੱਡਾ ਨੇਤਾ, ਦੇਸ਼ ਦਾ ਛੋਟੇ ਤੋਂ ਛੋਟਾ ਨੇਤਾ, ਪੰਜਾਬ ਜਿੱਤਣ ਲਈ, ਪੰਜਾਬ ਦੇ ਲੋਕਾਂ ਪੱਲੇ ਸੂਬੇ 'ਚ ਹਰੀ ਕ੍ਰਾਂਤੀ ਦੇ ਸੁਪਨੇ ਜਿਹੇ ਮਾਰੂ ਸੁਪਨੇ ਪਾਏਗਾ, ਜਿਸ ਸੁਪਨੇ ਨੇ ਪੰਜਾਬ ਨੂੰ ਬਰਬਾਦੀ ਦੀਆਂ ਬਰੂਹਾਂ 'ਤੇ ਪਹਿਲੋਂ ਹੀ ਖੜੇ ਕੀਤਾ ਹੋਇਆ ਹੈ, ਖ਼ੁਦਕੁਸ਼ੀ ਦੇ ਰਾਹ ਪਾਇਆ ਹੋਇਆ ਹੈ, ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਬਰਬਾਦੀ ਕੀਤੀ ਹੋਈ ਹੈ। ਦੇਸ਼ ਦਾ ਢਿੱਡ ਭਰਦਾ ਪੰਜਾਬ ਅੱਜ ਮਾਰੂਥਲ ਬਨਣ ਦੇ ਕਿਨਾਰੇ ਖੜਾ ਕਰ ਦਿੱਤਾ ਗਿਆ। ਹੁਣ ਜਦ ਪੰਜਾਬ ਉਜਾੜੇ ਵੱਲ ਜਾ ਰਿਹਾ ਹੈ, ਨੇਤਾ ਲੋਕਾਂ ਦਾ ਪੰਜਾਬ ਪ੍ਰਤੀ ਹੇਜ ਕਿਉਂ ਜਾਗ ਰਿਹੈ?

ਕੀ ਪੰਜਾਬ ਦੇ ਨੇਤਾ ਜਿਹੜੇ ਨਵਾਂ ਪੰਜਾਬ ਸਿਰਜਣ ਦੀ ਗੱਲ ਕਰਦੇ ਹਨ, ਜਾਣਦੇ ਹਨ ਕਿ ਪੰਜਾਬ ਦੇ ਲੋਕਾਂ ਦਾ ਦੁਖਾਂਤ ਕੀ ਹੈ? ਕੀ ਉਹ ਜਾਣਦੇ ਹਨ ਕਿ ਪੰਜਾਬ ਦੇ ਲੋਕਾਂ ਦੀਆਂ ਲੋੜਾਂ-ਥੋੜਾਂ ਕੀ ਹਨ? ਕੀ ਉਹ ਜਾਣਦੇ ਹਨ ਕਿ ਸੂਬਾ ਵਾਲ-ਵਾਲ ਕਰਜ਼ਾਈ ਹੈ? ਕੀ ਉਹ ਜਾਣਦੇ ਹਨ ਕਿ ਪੰਜਾਬ ਦੇ ਸਰੀਰ ਵਿਚੋਂ ਉਸਦੀ ਰੂਹ ਗਾਇਬ ਹੁੰਦੀ ਜਾ ਰਹੀ ਹੈ? ਕੀ ਉਹ ਜਾਣਦੇ ਹਨ ਕਿ ਪੰਜਾਬ ਦਾ ਨੌਜਵਾਨ ਦੇਸ਼ 'ਚ ਸਭ ਤੋਂ ਵੱਧ ਆਰਥਿਕ ਚਣੌਤੀ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਿਹਾ ਹੈ? ਕੀ ਨੇਤਾ ਲੋਕ ਜਾਣਦੇ ਹਨ ਕਿ ਉਹ ਜਿਸ ਜਨ-ਕਲਿਆਣ ਦੀ ਗੱਲ ਕਰਦੇ ਹਨ, ਉਸ ਵਿੱਚ ਨੌਕਰੀ, ਭੋਜਨ, ਸਿਹਤ, ਸਿੱਖਿਆ, ਸਮਾਜਿਕ ਸੁਰੱਖਿਆ, ਆਰਾਮ ਅਤੇ ਮੰਨੋਰੰਜਨ ਸ਼ਾਮਲ ਹੈ? ਇਸਦਾ ਭਾਵ ਕੀ ਨੇਤਾ ਲੋਕ ਜਾਣਦੇ ਹਨ ਕਿ ਮੁਫ਼ਤ ਸਰਕਾਰੀ ਸੇਵਾਵਾਂ, ਸਿਹਤ ਬੀਮਾ ਯੋਜਨਾ, ਮੁਫ਼ਤ ਤੇ ਸਭ ਲਈ ਬਰਾਬਰ ਦੀ ਸਿੱਖਿਆ, ਸਭ ਲਈ ਸਮਾਜਿਕ ਸੁਰੱਖਿਆ, ਸਰਕਾਰ ਵਲੋਂ ਨਿਭਾਇਆ ਜਾਣ ਵਾਲਾ ਵੱਡਾ ਫ਼ਰਜ਼ ਹੈ? ਤਾਂ ਫਿਰ ਨੇਤਾ ਲੋਕ ਇਸ ਤੱਥ ਤੋਂ ਅੱਖਾਂ ਮੀਟਕੇ ਕਿਉਂ ਬੈਠੇ ਰਹੇ? ਪੰਜਾਬ ਦੇ ਲੋਕਾਂ ਨੂੰ ਮੰਗਤੇ ਬਨਣ ਦੇ ਰਾਹ, ਆਪਣੇ ਸਵਾਰਥਾਂ ਲਈ ਕਿਉਂ ਪਾਉਂਦੇ ਰਹੇ?

ਪੰਜਾਬ ਜਿਸਦੇ ਉਦਯੋਗਾਂ, ਖ਼ਾਸ ਕਰਕੇ ਛੋਟੇ ਉ-ਦਯੋਗਾਂ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਸੀ, ਉਹ ਮਰਨ ਕੰਢੇ ਪਿਆ ਹੈ। ਸਹੂਲਤਾਂ ਦੀ ਅਣਹੋਂਦ ਤੇ ਬਿਜਲੀ ਦੀ ਘਾਟ ਨੇ ਪੰਜਾਬ ਵਿੱਚੋਂ ਹਜ਼ਾਰਾਂ ਉਦਯੋਗ ਬੰਦ ਕਰਵਾ ਦਿੱਤੇ। ਸਾਲ 2020-21 ਦੇ ਇੱਕ ਸਰਵੇ ਅਨੁਸਾਰ ਜਦੋਂ ਦੇਸ਼ ਭਰ 'ਚ ਕੋਵਿਡ-19 ਦੌਰਾਨ 67 ਫ਼ੀਸਦੀ ਛੋਟੇ ਉਦਯੋਗ ਬੰਦ ਰਹੇ, ਪੰਜਾਬ ਵੀ ਅਣਭਿੱਜ ਨਹੀਂ ਰਿਹਾ, ਲੋਕਾਂ ਦੇ ਛੋਟੇ ਕਾਰੋਬਾਰ ਬੰਦ ਰਹੇ। ਪੰਜਾਬ ਦਾ ਨੌਜਵਾਨ ਇਸ ਬੇਰੁਜ਼ਗਾਰੀ ਭੱਠੀ 'ਚ ਝੁਲਸਦਾ ਰਿਹਾ। ਔਝੜੇ ਰਾਹੀਂ ਪੈਂਦਾ ਰਿਹਾ। ਕਿਸੇ ਸੂਬੇ ਦੀ ਸਰਕਾਰ ਨੇ, ਕਿਸੇ ਕੇਂਦਰ ਦੀ ਸਰਕਾਰ ਨੇ ਪੰਜਾਬ ਦੀ ਸਾਰ ਨਾ ਲਈ। ਵਿਕਾਸ ਦੇ ਦਮਗਜੇ ਮਾਰੇ।

ਉਵੇਂ ਹੀ ਜਿਵੇਂ ਹੁਣ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਬਸਪਾ ਗੱਠਜੋੜ ਪੰਜਾਬ ਲਈ 13 ਨੁਕਾਤੀ ਪ੍ਰੋਗਰਾਮ ਲੈਕੇ ਆਇਆ ਹੈ। ਵਿਕਾਸ ਦੀਆਂ ਗੱਲਾਂ ਦੇ ਨਾਲ, ਨੌਜਵਾਨਾਂ ਦੇ ਪ੍ਰਵਾਸ ਰੋਕਣ ਦੀ ਥਾਂ ਵਿਕਾਸ ਲਈ ਯੋਜਨਾ ਲੈ ਕੇ ਆਇਆ ਹੈ, ਅਖੇ ਨੌਜਵਾਨਾਂ ਦੇ ਲਈ ਨੌਕਰੀਆਂ ਤਾਂ ਉਹਨਾ ਦੇ ਬਸ ਦੀ ਗੱਲ ਨਹੀਂ, ਵਿਦੇਸ਼ ਜਾਣ ਲਈ 10 ਲੱਖ ਬੈਂਕ ਕਰਜ਼ਾ ਦਿਆਂਗੇ। ਪੰਜਾਬ ਕਾਂਗਰਸ ਆਖਦੀ ਹੈ, ਥਾਂ-ਥਾਂ ਆਇਲਿਟਸ ਸੈਂਟਰ ਖੋਹਲਾਂਗੇ। ਪੰਜਾਬ ਦੀ ਗੱਦੀ ਦੀ ਦਾਅਵੇਦਾਰੀ ਕੇਜਰੀਵਾਲ ਦੀ ਪਾਰਟੀ ਆਂਹਦੀ ਆ, ਬੀਬੀਆਂ ਨੂੰ 1000 ਰੁਪਿਆ ਨਕਦੀ ਦਿਆਂਗੇ ਹਰ ਮਹੀਨੇ ਤੇ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਕਹਿੰਦੇ ਹਨ, 1000 ਰੁਪਏ ਮਹੀਨਾ ਥੋੜ੍ਹਾ ਹੈ, 2000 ਰੁਪਏ ਮਹੀਨਾ ਦਿਆਂਗੇ। ਵੱਡਾ ਦੁਖਾਂਤ ਹੈ ਪੰਜਾਬੀਆਂ ਦਾ, ਉਹ ਪੰਜਾਬੀ ਜਿਹੜੇ ਪੂਰੇ ਦੇਸ਼ ਨੂੰ ਭੁੱਖਮਰੀ ਤੋਂ ਬਚਾਉਂਦੇ ਰਹੇ, ਉਹਨਾ ਨੂੰ ਅੱਜ ਸਿਆਸਤਦਾਨ ਰਿਐਤਾਂ, ਖਰੈਤਾਂ ਦੇਕੇ ਵਰਚਾਉਣਾ ਚਾਹੁੰਦੇ ਹਨ, ਉਹਨਾ ਦੀ ਵੋਟ ਹਥਿਆਉਣਾ ਚਾਹੁੰਦੇ ਹਨ, ਪਰ ਕੋਈ ਵੀ ਸਿਆਸੀ ਧਿਰ ਪੰਜਾਬ 'ਚ ਰੁਜ਼ਗਾਰ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਬਾਤ ਨਹੀਂ ਪਾਉਂਦੀ। ਨਵਾਂ ਪੰਜਾਬ ਸਿਰਜਣ ਵਾਲੇ ਭਾਜਪਾ ਤੇ ਉਸਦੇ ਗੱਠਜੋੜ ਵਾਲੇ ਪੰਜਾਬ ਲਈ ਇੱਕ ਲੱਖ ਕਰੋੜ ਅਗਲੇ ਪੰਜਾਂ ਸਾਲਾਂ 'ਚ ਖਰਚਣ ਦਾ ਵਾਅਦਾ ਚੋਣ ਮਨੋਰਥ ਪੱਤਰ 'ਚ ਕਰ ਰਹੇ ਹਨ। ਗਰੇਜ਼ੂਏਟ ਬੇਰੁਜ਼ਗਾਰਾਂ ਨੂੰ 4000 ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ ਦੇਣ ਦੀ ਗੱਲ ਕਰਦੇ ਹਨ, ਪੰਜਾਬੀਆਂ ਨੂੰ ਸਰਕਾਰੀ ਨੌਕਰੀਆਂ 'ਚ 75 ਫ਼ੀਸਦੀ ਰਾਂਖਵੇਕਰਨ ਦੀ ਗੱਲ ਕਰਦੇ ਹਨ ਅਤੇ ਸਭ ਲਈ 300 ਯੂਨਿਟ ਬਿਜਲੀ ਮੁਫ਼ਤ ਦੇਣਾ ਉਹਨਾ ਦੇ ਚੋਣ ਮੈਨੋਫੈਸਟੋ 'ਚ ਦਰਜ ਹੈ। ਪਰ ਸਵਾਲ ਉੱਠਦਾ ਹੈ ਕਿ ਉਹ ਪੰਜਾਬ ਦੇ ਦ-ਰਆਈ ਪਾਣੀਆਂ ਦੇ ਮਸਲੇ ਨੂੰ ਹੱਲ ਕਰਨ ਦੀ ਗੱਲ ਕਿਉਂ ਨਹੀਂ ਕਰਦੇ? ਪੰਜਾਬੀ ਸਿਰ ਚੜ੍ਹੇ ਕਰਜ਼ੇ ਦੀ ਭਰਪਾਈ ਲਈ ਕੇਂਦਰੀ ਵਾਇਦਾ ਕਿਉਂ ਨਹੀਂ ਕਰਦੇ? ਕਿਉਂ ਨਹੀਂ ਪ੍ਰਵਾਸ ਰੋਕਣ, ਧਰਤੀ ਹੇਠਲੇ ਪਾਣੀ ਦੇ ਨਿੱਤ ਪ੍ਰਤੀ ਘਟਣ ਲਈ ਕੀਤੇ ਜਾਂਦੇ ਯਤਨਾਂ ਪ੍ਰਤੀ ਚੁੱਪੀ ਕਿਉਂ ਸਾਧੀ ਬੈਠ ਗਏ ਹਨ?

ਮੁਫ਼ਤ ਰਿਐਤਾਂ ਦੀ ਲਾਲਸਾ ਵਧਾ ਰਹੀ ਹੈ। ਪ੍ਰਵਾਸੀ ਪੰਜਾਬੀ ਜਿਹੜੇ ਪੰਜਾਬ ਲਈ ਆਰਥਿਕ ਸਹਾਇਤਾ ਭੇਜਦੇ ਸਨ, ਆਪਣੇ ਰੁਜ਼ਗਾਰ ਸਥਾਪਤ ਕਰਨ ਦੇ ਇਛੁੱਕ ਰਹਿੰਦੇ ਸਨ, ਉਦਾਸੀਨ ਹੋ ਚੁੱਕੇ ਹਨ। ਪੰਜਾਬ ਪ੍ਰਤੀ ਕੰਡ ਕਰਕੇ ਬੈਠ ਗਏ ਹਨ।

ਵੱਡਾ ਕਰਜ਼ਾਈ ਹੋਇਆ ਪੰਜਾਬ, ਮਸਾਂ ਕੰਮ ਚਲਾਊ ਮੁਲਾਜ਼ਮਾਂ ਨਾਲ ਪ੍ਰਸ਼ਾਸ਼ਨ ਚਲਾਉਣ 'ਤੇ ਮਜ਼ਬੂਰ ਹੈ। ਪਰ ਪੰਜਾਬ ਦੇ ਬਹੁਤੇ ਸਿਆਸਤਦਾਨ ਕੋਝੀਆਂ ਹਰਕਤਾਂ ਕਰਦੇ ਮਾਫੀਏ ਨਾਲ ਰਲਕੇ ਆਪਣਾ ਹਲਵਾ ਮੰਡਾ ਚਲਾ ਰਹੇ ਹਨ, ਬਿਨ੍ਹਾਂ ਇਸ ਡਰ ਭਓ ਤੋਂ ਕਿ ਕੋਈ ਉਹਨਾ ਦੀਆਂ ਹਰਕਤਾਂ ਵੇਖ ਰਿਹਾ ਹੈ।



ਪੰਜਾਬ ਨੂੰ ਪਹਿਲਾਂ ਅੰਗਰੇਜ਼ ਸਲਤਨਤ ਨੇ ਲੁੱਟਿਆ, ਭਾਵੇਂ ਕਿ ਬਾਕੀ ਭਾਰਤ ਦੇਸ਼ ਦੇ ਮੁਕਾਬਲੇ ਪੰਜਾਬ ਨੇ ਘੱਟ ਸਮਾਂ ਅੰਗਰੇਜ਼ਾਂ ਦੀ ਗੁਲਾਮੀ ਹੰਢਾਈ। ਪਰ ਹੰਢਾਈ ਗੁਲਾਮੀ ਤੋਂ ਨਿਜ਼ਾਤ ਪਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਇਸ ਸੂਬੇ ਪੰਜਾਬ ਨੇ ਕੀਤੀਆਂ, ਜਿਸਦਾ ਦੇਸ਼ ਦੀ ਵੰਡ ਵੇਲੇ ਖਮਿਆਜ਼ਾ ਵੀ ਪੰਜਾਬੀਆਂ ਨੂੰ ਭੁਗਤਣਾ ਪਿਆ, ਲੱਖਾਂ ਪੰਜਾਬੀ ਘਰੋਂ ਬੇਘਰ ਹੋਏ, ਉਹਨਾ ਜਾਇਦਾਦਾਂ ਗੁਆਈਆਂ, ਮੌਤ ਉਹਨਾ ਦੇ ਗਲੇ ਪਈ, ਵੱਢ-ਵੱਢਾਂਗਾ ਉਹਨਾ ਹੰਢਾਇਆ, ਪਰ ਆਖ਼ਰਕਾਰ ਕੀ ਪੱਲੇ ਪਾਇਆ? ਬਹੁਤੇ ਦੇਸ਼ੀ ਹਾਕਮਾਂ ਪੰਜਾਬ ਨਾਲ ਸਦਾ ਦੁਪਰਿਆਰਾ ਸਲੂਕ ਕੀਤਾ।

ਪੰਜਾਬੀਆਂ ਵੰਡ ਤੋਂ ਬਾਅਦ, '84 ਦਾ ਵਰਤਾਰਾ ਹੰਢਾਇਆ। ਨਸ਼ਾ ਪੰਜਾਬੀ ਦੇ ਗਲੇ ਦੀ ਹੱਡੀ ਬਣਿਆ। ਬੇਰਜ਼ੁਗਾਰੀ, ਮਾਫੀਏ, ਸੂਬੇ ਦੇ ਭੈੜੇ ਪ੍ਰਬੰਧਨ ਨੇ ਪੰਜਾਬ ਦੀ ਜੁਆਨੀ ਨੂੰ ਪ੍ਰਵਾਸ ਦੇ ਰਾਹ ਤੋਰਿਆ। ਹੁਣ ਵੀ ਇਹ ਵਰਤਾਰਾ ਲਗਾਤਾਰ ਜਾਰੀ ਹੈ। ਪਰ ਪੰਜਾਬ ਦੇ ਸਿਆਸਤਦਾਨ ਇਸ ਵਰਤਾਰੇ ਤੋਂ ਅੱਖਾਂ ਮੀਟੀ ਬੈਠੇ ਨਜ਼ਰ ਆ ਰਹੇ ਹਨ। ਸਿਆ-ਸਤਦਾਨੋਂ! ਜੇ ਪੰਜਾਬ ਦੀ ਜੁਆਨੀ ਪੰਜਾਬ ਦੇ ਪੱਲੇ ਨਾ ਰਹੀ, ਜੇ ਪੰਜਾਬ ਦੇ ਪਾਣੀ ਦੇਸੀ ਕੇਂਦਰੀ ਹਾਕਮਾਂ ਹਥਿਆ ਲਏ, ਜੇ ਪੰਜਾਬ ਮਾਰੂਥਲ ਬਣ ਗਿਆ, ਤਾਂ ਫਿਰ ਕਿਸ ਉਜੜੇ ਪੰਜਾਬ 'ਤੇ ਰਾਜ ਕਰੋਗੇ?

ਪੰਜਾਬ ਦੇ ਮੌਜੂਦਾ ਹਾਲਾਤ ਤਸੱਲੀਬਖ਼ਸ਼ ਨਹੀਂ ਹਨ। ਬੁਨਿਆਦੀ ਵਿਕਾਸ ਦੀ ਕਮੀ ਰੜਕਦੀ ਹੈ। ਸਕੂਲ, ਕਾਲਜ, ਹਸਪਤਾਲ ਸਟਾਫ ਤੋਂ ਖਾਲੀ ਹਨ। ਹਸਪਤਾਲਾਂ 'ਚ ਦਵਾਈਆਂ ਨਹੀਂ। ਪੰਜਾਬ ਦੇ ਕਾਲਜ, ਯੂਨੀਵਰਸਿਟੀਆਂ ਜਿਹਨਾ ਪੰਜਾਬ ਦੀ ਸਿੱਖਿਆ ਸੁਧਾਰ 'ਚ ਵੱਡਾ ਯੋਗਦਾਨ ਪਾਇਆ, ਉਹ ਆਰਥਿਕ ਪੱਖੋਂ ਕਮਜ਼ੋਰ ਹੋ ਚੁੱਕੀਆਂ ਹਨ। ਬਹੁਤੇ ਪ੍ਰੋਫੈਸ਼ਨਲ ਕਾਲਜ, ਇੰਜੀਨੀਰਿੰਗ ਕਾਲਜ, ਨੌਜਵਾਨਾਂ ਦੇ ਵਿਦੇਸ਼ ਜਾਣ ਕਾਰਨ ਬੰਦ ਹੋ ਰਹੇ ਹਨ। ਰੁਜ਼ਗਾਰ ਦੀ ਕਮੀ ਪੰਜਾਬੀਆਂ 'ਚ ਵੇਖ ਰਿਹਾ ਹੈ।

ਹੁਣ ਜਦ ਪੰਜਾਬ ਸੰਕਟਾਂ 'ਚ ਘਿਰਿਆ ਹੋਇਆ ਹੈ। ਹੁਣ ਜਦ ਪੰਜਾਬ ਮਰਦਾ ਜਾ ਰਿਹਾ ਹੈ ਤਾਂ ਚੋਣਾਂ ਵੇਲੇ ਪੰਜਾਬ ਦੀ ਬੇੜੀ ਬੰਨੇ ਲਾਉਣ ਲਈ ਸਿਆਸਤਦਾਨ ਸਬਜ਼ ਬਾਗ ਵਿਖਾ ਰਹੇ ਹਨ। ਮਗਰਮੱਛ ਦੇ ਹੰਝੂ ਵਹਾ ਰਹੇ ਹਨ। ਪਰ ਕੀ ਇਹ ਸਿਆਸਤਦਾਨ ਜਿਹੜੇ ਅਸਲ ਅਰਥਾਂ 'ਚ ਪੰਜਾਬ ਦੀ ਮੌਜੂਦਾ ਸਥਿਤੀ ਦੇ ਜ਼ੁੰਮੇਵਾਰ ਹਨ, ਪੰਜਾਬ ਨੂੰ ਕਿਸੇ ਤਣ-ਪੱਤਣ ਲਾ ਸਕਣਗੇ?

ਦਿਨ ਤਾਂ ਹੁਣ ਥੋੜ੍ਹੇ ਹਨ। ਪੰਜਾਬੀਆਂ ਅਗਲੇ ਪੰਜਾ ਸਾਲਾਂ ਲਈ ਆਪਣੇ ਹਾਕਮ ਚੁਨਣੇ ਹਨ? ਕੀ ਪੰਜਾਬੀ, ਰਿਐਤਾਂ, ਖ਼ਰੈਤਾਂ ਦੇਣ ਵਾਲਿਆਂ ਹੱਥ ਮੁੜ ਪੰਜ ਵਰ੍ਹੇ ਫੜਾ ਕੇ ਕੋਈ ਤਲਖ ਤਜ਼ਰਬਾ ਕਰਨਗੇ ਜਾਂ ਫਿਰ ਆਪਣੀ ਸੋਚ ਨਾਲ, ਸਹੀ ਸਖ਼ਸ਼ੀਅਤਾਂ ਦੀ ਚੋਣ ਕਰਨਗੇ। 'ਕੋਈ ਹਰਿਆ ਬੂਟ ਰਹਿਓ ਰੀ' ਵਾਂਗਰ ਪੰਜਾਬ ਵੰਗੇਰੇ ਲੋਕਾਂ ਤੋਂ ਬਾਂਝਾ ਨਹੀਂ ਹੈ। ਇਥੇ ਸੱਚ ਹੱਕ, ਸਿਆਣਪ, ਚੰਗੀ, ਸੋਚ, ਵਾਲੇ ਲੋਕਾਂ ਦੀ ਕਮੀ ਨਹੀਂ ਹੈ। ਪਰ ਉਹਨਾ ਨੂੰ ਪਹਿਚਾਨਣ ਦੀ ਲੋੜ ਹੈ।

ਪੰਜਾਬ ਦੀਆਂ 13ਵੀਆਂ ਵਿਧਾਨ ਸਭਾ ਚੋਣਾਂ "ਜੱਗੋਂ ਤੇਰ੍ਹਵੀਆਂ" ਨਾ ਹੋ ਜਾਣ। ਕਾਂਗਰਸ, ਅਕਾਲੀ ਦਲ-ਬਸਪਾ, ਆਪ, ਬਾਜਪਾ-ਪੰਜਾਬ ਲੋਕ ਕਾਂਗਰਸ, ਖੱਬੀਆਂ ਧਿਰਾਂ, ਸੰਯੁਕਤ ਸਮਾਜ ਮੋਰਚਾ ਅਤੇ ਹੋਰ ਪਾਰਟੀਆਂ ਆਪਦੇ ਵਿਹੜੇ ਵੋਟ ਮੰਗਣ ਲਈ ਆਉਣਗੀਆਂ। ਉਹਨਾ ਤੋਂ ਕੁਝ ਨਾ ਮੰਗੋ, ਬੱਸ ਰੁਜ਼ਗਾਰ ਮੰਗੋ, ਸੂਬੇ ਲਈ ਉਦਯੋਗ ਮੰਗੋ, ਸੂਬੇ ਦਾ ਗੁਆਚਿਆ ਪਾਣੀ ਮੰਗੋ, ਸੂਬੇ ਦੀ ਸੁੱਖ ਸ਼ਾਂਤੀ ਮੰਗੋ ਤੇ ਪ੍ਰਵਾਸ ਤੇ ਨਸ਼ੇ ਤੋਂ ਮੁਕਤੀ ਮੰਗੋ।

ਪੰਜਾਬੀਓ, ਨਿਰਾਸ਼ ਹੋਕੇ ਘਰ ਬੈਠਣ ਦਾ ਵੇਲਾ ਨਹੀਂ, ਇਹ ਵੇਲਾ ਤਾਂ ਸੰਭਲਣ ਦਾ ਹੈ, ਖਿੜਕਣ ਦਾ ਨਹੀਂ! ਸਾਵਧਾਨ!

# ਵਾਤਾਵਰਨ ਦੇ ਸੰਬੰਧ ਵਿਚ ਕੇਂਦਰੀ ਬਜਟ ਦਾ ਲੇਖਾ-ਜੋਖਾ



ਡਾ. ਗੁਰਿੰਦਰ ਕੌਰ
001-408-493-9776

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 1 ਫ਼ਰਵਰੀ 2022 ਨੂੰ ਵਿੱਤੀ ਸਾਲ 2022-23 ਦਾ ਕੇਂਦਰੀ ਬਜਟ ਪੇਸ਼ ਕੀਤਾ। ਇਸ ਕੇਂਦਰੀ ਬਜਟ ਨੂੰ 'ਬੂਸਟਰ ਬਜਟ' ਵੀ ਕਿਹਾ ਜਾ ਰਿਹਾ ਹੈ ਕਿਉਂਕਿ ਸਰਕਾਰ ਅਨੁਸਾਰ ਇਸ ਵਿਚ ਵਪਾਰਕ ਗਤੀਵਿਧੀਆਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਮਜ਼ਬੂਤ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਕੇਂਦਰੀ ਬਜਟ ਵਿਚ ਦੇਸ ਦੇ ਵੱਖ ਵੱਖ ਖੇਤਰਾਂ ਨੂੰ ਵਿੱਤ ਦੀ ਵੰਡ ਕਰਦਿਆਂ ਮਨਿਸਟਰੀ ਆਫ਼ ਇਨਵਾਇਰਨਮੈਂਟ, ਫੌਰੈਸਟ ਐਂਡ ਕਲਾਈਮੇਟ ਚੇਂਜ ਲਈ 3030 ਕਰੋੜ ਦੀ ਰਾਸ਼ੀ ਅਲਾਟ ਕੀਤੀ ਗਈ ਜੋ ਪਿਛਲੇ ਬਜਟ (2021-22) ਵਿਚ 2870 ਕਰੋੜ ਰੁਪਏ ਸੀ। ਕੇਂਦਰੀ ਮੰਤਰੀ ਨੇ ਬਜਟ ਪੇਸ਼ ਕਰਦੇ ਹੋਏ ਕਲਾਈਮੇਟ ਐਕਸ਼ਨ ਪਲਾਨ ਲਈ ਸਵੱਛ ਊਰਜਾ (ਨਵਿਆਉਣਯੋਗ ਸਰੋਤਾਂ ਤੋਂ ਪੈਦਾ ਹੋਈ ਊਰਜਾ) ਉੱਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਸਾਨੂੰ ਊਰਜਾ ਦੀ ਬੇਸਮਝੀ ਨਾਲ ਵਰਤੋਂ ਕਰਨ ਦੀ ਥਾਂ ਉੱਤੇ ਸਮਝ ਨਾਲ ਵਰਤੋਂ ਕਰਨੀ ਚਾਹੀਦੀ ਹੈ।

2022-23 ਦੇ ਕੇਂਦਰੀ ਬਜਟ ਵਿਚ ਸਰਕਾਰ ਨੇ ਜਲ ਜੀਵਨ ਮਿਸ਼ਨ ਦੀ ਰਾਸ਼ੀ 2021-22 ਦੀ ਰਾਸ਼ੀ (45,011 ਕਰੋੜ ਰੁਪਏ) ਤੋਂ ਵਧਾ ਕੇ 60,000 ਕਰੋੜ ਰੁਪਏ ਕਰ ਦਿੱਤੀ ਹੈ ਜਿਸ ਨਾਲ 3.8 ਕਰੋੜ ਪਰਿਵਾਰਾਂ ਨੂੰ ਪੀਣ ਲਈ ਪਾਈਪਾਂ ਰਾਹੀਂ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਉੱਤਰ ਪ੍ਰਦੇਸ਼ ਦੇ ਮਾਰੂ ਖੇਤਰ ਬੁੰਦੇਲਖੰਡ ਨੂੰ ਸਿੰਚਾਈ ਅਤੇ ਪੀਣ ਲਈ ਪਾਣੀ, ਪਣ ਬਿਜਲੀ ਆਦਿ ਮੁਹੱਈਆ ਕਰਵਾਉਣ ਲਈ ਕੇਨ ਅਤੇ ਬੇਟਵਾ ਨਦੀਆ ਨੂੰ ਜੋੜਨ ਲਈ 1400 ਕਰੋੜ ਰੁਪਏ ਦੀ ਰਾਸ਼ੀ ਇਸ ਸਾਲ ਦੇ ਬਜਟ ਵਿਚ ਅਲਾਟ ਕੀਤੀ ਹੈ। ਕੇਨ ਅਤੇ ਬੇਟਵਾ ਨਦੀਆਂ ਨੂੰ ਜੋੜਨ ਦੇ ਨਾਲ ਦੇਸ ਦੇ ਪੰਜ ਹੋਰ ਥਾਵਾਂ ਉੱਤੇ ਨਦੀਆਂ ਜਿਨ੍ਹਾਂ ਵਿਚ ਦਮਨਗੰਗਾ ਅਤੇ ਪਿਜਲ, ਪਾਰ-ਤਾਪੀ-ਨਰਮਦਾ, ਗੋਦਾਵਰੀ-ਕ੍ਰਿਸ਼ਨਾ, ਕ੍ਰਿਸ਼ਨਾ-ਪੀਨਾਰ, ਅਤੇ ਪੀਨਾਰ-ਕਾਵੇਰੀ, ਨੂੰ ਆਪਸ ਵਿਚ ਜੋੜਨ ਦੇ ਬਾਰੇ ਵੀ ਐਲਾਨ ਕੀਤਾ ਗਿਆ ਹੈ।

ਸਮੁੰਦਰ ਮਿਸ਼ਨ ਦੇ ਅੰਤਰਗਤ ਵੀ 2021-22 ਵਿਚ 150 ਕਰੋੜ ਰੁਪਏ ਦੇ ਮੁਕਾਬਲੇ 2022-23 ਦੇ ਬਜਟ ਵਿਚ 650 ਕਰੋੜ ਰੁਪਏ ਖ਼ਰਚ ਕਰਨ ਦੀ ਵਿਉਂਤਬੰਦੀ ਹੈ। ਇਸ ਤੋਂ ਇਲਾਵਾ ਨੈਸ਼ਨਲ ਗਰੀਨ ਮਿਸ਼ਨ ਲਈ 361.69 ਕਰੋੜ ਰੁਪਏ, ਨਵੇਂ ਜੰਗਲ/ਦਰਖ਼ਤ ਲਗਾਉਣ ਲਈ 300 ਕਰੋੜ ਰੁਪਏ ਅਤੇ ਚੀਤਿਆਂ ਦੀ ਸਾਂਭ-ਸੰਭਾਲ ਦੇ ਪ੍ਰੋਜੈਕਟ ਲਈ 300 ਕਰੋੜ ਰੁਪਏ ਦੇਣ ਦੀ ਰਾਸ਼ੀ ਮਿੱਥੀ ਹੈ। ਇਨ੍ਹਾਂ ਸਭ ਖੇਤਰਾਂ ਵਿਚ ਪਿਛਲੇ ਬਜਟ ਸਾਲ ਦੇ ਮੁਕਾਬਲੇ ਵਿਚ ਇਸ ਸਾਲ ਦੇ ਬਜਟ ਵਿਚ ਵਾਧਾ ਕੀਤਾ ਗਿਆ ਹੈ।

ਬਜਟ ਪੇਸ਼ ਕਰਨ ਵੇਲੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਲੀਨ ਐਨਰਜੀ, ਊਰਜਾ ਪਰਿਵਰਤਨ, ਸਵੱਛ ਵਾਤਾਵਰਨ, ਅਤੇ ਕਲਾਈਮੇਟ ਐਕਸ਼ਨ ਵਰਗੇ ਕੁਝ ਸਕਾਰਾਤਮਕ ਸ਼ਬਦਾਂ ਦਾ ਬਾਰ ਬਾਰ ਉਪਯੋਗ ਕੀਤਾ, ਪਰ ਇਸ ਬਜਟ ਨੇ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ, ਜੋ ਕੌਮੀ ਰਾਜਧਾਨੀ ਖੇਤਰ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰਾਂ ਵਿਚਲੀ ਹਵਾ ਦੀ ਗੁਣਵਤਾ ਪ੍ਰਬੰਧਨ ਲਈ ਕੰਮ ਕਰਦਾ ਹੈ, ਬਜਟ 2021-22 ਦੇ 20 ਕਰੋੜ ਰੁਪਏ ਤੋਂ ਘਟਾ ਕੇ 17 ਕਰੋੜ ਰੁਪਏ ਕਰ ਦਿੱਤਾ ਹੈ। ਰਾਜਧਾਨੀ ਕੌਮੀ ਖੇਤਰ ਅਤੇ ਦਿੱਲੀ ਦੀ ਹਵਾ ਦੀ ਵਿਗੜਦੀ ਗੁਣਵਤਾ ਦੀ ਪੁਸ਼ਟੀ ਹਰ ਸਾਲ ਕੋਈ ਨਾ ਕੋਈ ਨਾ ਅੰਤਰਰਾਸ਼ਟਰੀ ਸੰਸਥਾ ਕਰਦੀ ਰਹਿੰਦੀ ਹੈ। ਇਸ ਸਾਲ ਵੀ ਅਮਰੀਕਾ ਦੀ ਸ਼ਿਕਾਗੋ ਯੂਨੀਵਰਸਿਟੀ ਦੇ ਸਤੰਬਰ 2021 ਦੇ ਇਕ ਅਧਿਐਨ ਅਨੁਸਾਰ ਦਿੱਲੀ ਵਿਚ ਰਹਿੰਦੇ ਵਿਅਕਤੀਆਂ ਦੀ ਉਮਰ ਹਵਾ ਦੇ ਪ੍ਰਦੂਸ਼ਣ ਕਾਰਨ 9.5 ਸਾਲ ਤੱਕ ਘਟ ਸਕਦੀ ਹੈ ਕਿਉਂਕਿ ਜਿੰਨਾ ਜ਼ਿਆਦਾ ਕਿਸੇ ਥਾਂ ਉੱਤੇ ਹਵਾ ਦਾ ਪ੍ਰਦੂਸ਼ਣ ਹੋਵੇਗਾ, ਉਸੇ ਅਨੁਪਾਤ ਵਿਚ ਉੱਥੇ ਰਹਿੰਦੇ ਵਿਅਕਤੀਆਂ ਦੀ ਔਸਤ ਉਮਰ ਘਟੇਗੀ। ਪ੍ਰਦੂਸ਼ਣ ਕੰਟਰੋਲ ਬੋਰਡਜ਼ ਨੂੰ ਵਿੱਤੀ ਸਹਾਇਤਾ ਦੇਣ ਲਈ ਜਨਵਰੀ 2019 ਵਿਚ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ ਜਿਸ ਵਿਚ 10 ਲੱਖ ਤੋਂ ਵੱਧ ਆਬਾਦੀ ਵਾਲੇ 42 ਸ਼ਹਿਰਾਂ ਲਈ 2,217 ਕਰੋੜ ਦਾ ਐਲਾਨ ਕੀਤਾ ਸੀ। ਇਸ ਸਾਲ ਇਸ ਮੁੱਦੇ ਨੂੰ ਹੱਲ ਕਰਨ ਲਈ ਕੋਈ ਵਾਧੂ ਫੰਡ ਨਹੀਂ ਦਿੱਤੇ ਗਏ ਹਨ।

ਕੇਂਦਰੀ ਵਿੱਤ ਮੰਤਰੀ ਨੇ ਭਾਵੇਂ ਬਜਟ ਪੇਸ਼ ਕਰਨ ਵੇਲੇ ਸਵੱਛ ਵਾਤਾਵਰਨ ਅਤੇ ਊਰਜਾ ਪਰਿਵਰਤਨ ਵਰਗੇ ਸ਼ਬਦ ਵਰਤੇ ਹਨ, ਪਰ ਹਵਾ ਦੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਬਜਟ ਵਿਚ ਰਾਸ਼ੀ ਵਧਾਉਣ ਦੀ ਥਾਂ ਉੱਤੇ ਘਟਾ ਦਿੱਤੀ ਹੈ। ਜੇਕਰ ਕੇਂਦਰ ਸਰਕਾਰ ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਪੈਸੇ ਹੀ ਨਹੀਂ ਦੇਵੇਗੀ ਤਾਂ ਵਾਤਾਵਰਨ ਸਵੱਛ ਕਿਵੇਂ ਹੋਵੇਗਾ? ਆਪਣੀ ਕੰਮਜ਼ੋਰੀ ਛਪਾਉਣ ਲਈ ਹਰ ਸਾਲ ਕੇਂਦਰ ਅਤੇ ਦਿੱਲੀ ਸਰਕਾਰਾਂ ਸਰਦੀਆਂ ਆਉਂਦੇ ਹੀ ਜਦੋਂ ਕੌਮੀ ਰਾਜਧਾਨੀ ਖੇਤਰ ਅਤੇ ਦਿੱਲੀ ਧੂੰਆਂਖੀ-ਧੁੰਦ ਦੇ ਪ੍ਰਦੂਸ਼ਣ ਦੀ ਲਪੇਟ ਵਿਚ ਆ ਜਾਂਦੇ ਹਨ ਤਾਂ ਦਿੱਲੀ ਦੇ ਪ੍ਰਦੂਸ਼ਣ ਲਈ ਗੁਆਂਢੀ ਰਾਜਾਂ ਉੱਤੇ ਦੋਸ਼ ਮੜ੍ਹਨ ਲੱਗ ਜਾਂਦੀਆਂ ਹਨ।

ਵਾਤਾਵਰਨ ਮੰਤਰਾਲੇ ਅਧੀਨ ਆਉਂਦੀਆਂ ਪੰਜ ਖ਼ੁਦਮੁਖਤਿਆਰ ਸੰਸਥਾਵਾਂ ਜਿਨ੍ਹਾਂ ਵਿਚ ਜੀ.ਬੀ. ਪੰਤ ਹਿਮਾਲੀਅਨ ਇੰਸਟੀਚਿਊਟ ਆਫ਼ ਇਨਵਾਇਰਨਮੈਂਟ ਐਂਡ ਡਿਵੈਲਪਮੈਂਟ, ਇੰਡੀਅਨ ਕੌਂਸਿਲ ਆਫ਼ ਫੌਰੈਸਟਰ ਰਿਸਰਚ ਐਂਡ ਐਜੂਕੇਸ਼ਨ, ਇੰਡੀਅਨ ਇੰਸਟੀਚਿਊਟ ਆਫ਼ ਫੌਰੈਸਟ ਮੈਨੇਜਮੈਂਟ, ਇੰਡੀਅਨ ਪਲਾਈਵੁੱਡ ਇੰਡਸਟਰੀ ਰਿਸਰਚ ਐਂਡ ਟਰੇਨਿੰਗ ਇੰਸਟੀਚਿਊਟ, ਅਤੇ ਵਾਈਡਲ ਲਾਈਫ਼ ਇੰਸਟੀਚਿਊਟ ਆਫ਼ ਇੰਡੀਆ ਨੂੰ ਇਸ ਸਾਲ 287.45 ਕਰੋੜ ਰੁਪਏ ਅਲਾਟ ਕੀਤੇ ਗਏ ਹਨ ਜੋ ਪਿਛਲੇ ਵਿੱਤੀ ਸਾਲ ਨਾਲੋਂ 18.05 ਕਰੋੜ ਰੁਪਏ ਘੱਟ ਹਨ। ਵਾਤਾਵਰਨ ਅਤੇ ਜੰਗਲੀ ਜੀਵਾਂ ਨਾਲ ਸੰਬੰਧਿਤ ਛੇ ਵਿਧਾਨਕ ਅਤੇ ਰੈਗੂਲੇਟਰੀ ਸੰਸਥਾਵਾਂ : ਸੈਂਟਰਲ ਪਲੂਸ਼ਨ ਕੰਟਰੋਲ ਬੋਰਡ, ਸੈਂਟਰਲ ਜ਼ੂ ਅਥਾਰਟੀ, ਐਨੀਮਲ ਵੈਲਫੇਅਰ ਬੋਰਡ, ਨੈਸ਼ਨਲ ਬਾਇਓ ਡਾਇਵਰਸਿਟੀ ਅਥਾਰਟੀ, ਨੈਸ਼ਨਲ ਟਾਈਗਰ ਕਨਜ਼ਰਵੇਸ਼ਨ ਅਥਾਰਟੀ, ਅਤੇ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨਜ਼ੇਮੈਂਟ ਦਾ ਬਜਟ ਪਿਛਲੇ ਸਾਲ ਨਾਲੋਂ ਛੇ ਕਰੋੜ ਘਟਾ ਦਿੱਤਾ ਹੈ। ਵਾਤਾਵਰਨ ਨਾਲ ਸੰਬੰਧਿਤ ਸੰਸਥਾਵਾਂ ਅਤੇ ਰੈਗੂਲੇਟਰੀ ਬੋਰਡਜ਼ ਦਾ ਬਜਟ ਘਟਾਉਣਾ ਵੀ ਵਾਤਾਵਰਨ ਸਾਂਭ-ਸੰਭਾਲ ਨਾਲ ਸੰਬੰਧਿਤ ਉਪਰਾਲਿਆਂ ਨੂੰ ਬਣਦੀ ਤਵੱਜੋ ਨਾ ਦੇਣਾ ਅਤੇ ਉਨ੍ਹਾਂ ਦੀ ਅਣਦੇਖੀ ਹੀ ਹੈ।

ਭਾਰਤ ਨੇ ਪੈਰਿਸ ਮੌਸਮੀ ਸੰਧੀ ਵਿਚ ਵਾਤਾਵਰਨ ਵਿਚ ਵਧ ਰਹੀਆਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਲਈ ਨੈਸ਼ਨਲੀ ਡਿਟਰਮਿਨਡ ਕੰਟਰੀਬੀਊਸ਼ਨ ਤਹਿਤ ਤਿੰਨ ਟੀਚੇ ਸੰਯੁਕਤ ਰਾਸ਼ਟਰ ਨੂੰ ਸੌਂਪੇ ਸਨ। ਉਨ੍ਹਾਂ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਮੀ ਕਰਨਾ, ਨਵਿਆਉਣਯੋਗ ਸਰੋਤਾਂ ਤੋਂ ਊਰਜਾ ਪੈਦਾ ਕਰਨਾ, ਅਤੇ ਜੰਗਲਾਂ ਅਤੇ ਦਰਖ਼ਤਾਂ ਥੱਲੇ ਰਕਬਾ ਵਧਾ ਕੇ ਵਾਤਾਵਰਨ ਵਿਚਲੀ ਕਾਰਬਨ ਨੂੰ ਘਟਾਉਣਾ ਸੀ। ਆਰਥਿਕ ਵਿਕਾਸ ਦੀ ਅੰਨ੍ਹੀ ਦੌੜ ਵਿਚ ਸਾਡੇ ਦੇਸ ਨੇ ਵੀ ਪਿਛਲੇ ਸਾਲਾਂ ਵਿਚ ਕੁਦਰਤੀ ਸਰੋਤਾਂ ਦਾ ਅੰਨ੍ਹੇਵਾਹ ਉਜਾੜਾ ਕੀਤਾ ਹੈ। ਹੁਣ ਇਹ ਕਾਰਬਨ ਨਿਕਾਸੀ ਕਰਨ ਵਾਲਾ ਦੁਨੀਆਂ ਵਿਚ ਚੀਨ, ਅਤੇ ਸੰਯੁਕਤ ਰਾਜ ਅਮਰੀਕਾ ਤੋਂ ਬਾਅਦ ਤੀਜਾ ਵੱਡਾ ਦੇਸ ਬਣ ਗਿਆ ਹੈ। ਭਾਰਤ ਵਿਚ 2009-10 ਤੋਂ 2021-22 ਤੱਕ ਦੇ ਬਜਟ ਵਿਚ ਕੋਲੇ ਤੋਂ ਊਰਜਾ ਪੈਦਾ ਕਰਨ ਲਈ ਨਵਿਆਉਣਯੋਗ ਸਰੋਤਾਂ ਵੱਧ ਪੈਸਾ ਦਿੱਤਾ ਜਾਂਦਾ ਰਿਹਾ ਹੈ ਅਤੇ ਭਾਰਤ ਕੋਲੇ ਤੋਂ ਊਰਜਾ ਪੈਦਾ ਕਰਨ ਵਾਲਾ ਤੀਜਾ ਦੇਸ ਹੈ। ਪੈਰਿਸ ਮੌਸਮੀ ਸਮਝੌਤੇ ਤੋਂ ਬਾਅਦ ਵੀ ਭਾਰਤ ਵਿਚ ਕਾਰਬਨ ਨਿਕਾਸੀ ਵਿਚ ਕਟੌਤੀ ਕਰਨ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ ਹੈ। ਇੰਟਰਨੈਸ਼ਨਲ ਐਨਰਜੀ ਏਜੰਸੀ ਦੀ ਦਸੰਬਰ 2021 ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਊਰਜਾ ਲਈ ਕੋਲੇ ਦੀ ਵਰਤੋਂ 2024 ਤੱਕ ਹਰ ਸਾਲ 3.9 ਫ਼ੀਸਦ ਦਰ ਨਾਲ ਵਧ ਸਕਦੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੰਬਰ 2021 ਨੂੰ ਗਲਾਸਗੋ ਵਿਚ ਹੋਈ ਕਾਨਫਰੰਸ ਆਫ਼ ਪਾਰਟੀਜ਼-26 ਵਿਚ ਦੇਸ ਵਿਚ ਕਾਰਬਨ ਨਿਕਾਸੀ ਨੂੰ ਘਟਾਉਣ ਲਈ ਪੰਜ ਨੁਕਤੇ ਸੰਯੁਕਤ ਰਾਸ਼ਟਰ ਨੂੰ ਸੌਂਪੇ ਸਨ ਜਿਨ੍ਹਾਂ ਨੂੰ ਪੰਚਾਮ੍ਰਿਤ ਨਾਮ ਦਿੱਤਾ ਸੀ। ਇਨ੍ਹਾਂ ਪੰਜ ਟੀਚਿਆਂ ਵਿਚ 2070 ਤੱਕ ਜ਼ੀਰੋ ਕਾਰਬਨ ਨਿਕਾਸੀ ਕਰਨਾ, 2030 ਤੱਕ 500 ਗੀਗਾਵਾਟ ਊਰਜਾ ਨਵਿਆਉਣਯੋਗ ਸਾਧਨਾਂ ਤੋਂ ਪੈਦਾ ਕਰਨਾ, 2030 ਤੱਕ 50 ਫ਼ੀਸਦੀ ਊਰਜਾ ਨਵਿਆਉਣਯੋਗ ਸਾਧਨਾਂ ਤੋਂ ਪੂਰੀ ਕਰਨਾ, 2021 ਤੋਂ 2030 ਤੱਕ ਇਕ ਬਿਲੀਅਨ ਕਾਰਬਨ ਨਿਕਾਸੀ ਵਿਚ ਕਟੌਤੀ ਕਰਨਾ, ਅਤੇ ਕੁੱਲ ਕਾਰਬਨ ਨਿਕਾਸੀ ਵਿਚ 45 ਫ਼ੀਸਦ ਕਟੌਤੀ ਕਰਨਾ ਹੈ। 2022-23 ਦੇ ਬਜਟ ਨੂੰ ਦੇਖਦੇ ਹੋਏ ਲੱਗਦਾ ਹੈ ਕਿ 2030 ਤੱਕ ਕਾਰਬਨ ਨਿਕਾਸੀ ਵਿਚ ਕਟੌਤੀ ਦੇ ਟੀਚੇ ਪੂਰੇ ਕਰਨਾ ਨਾਮੁਮਕਿਨ ਹੀ ਹੈ। ਭਾਰਤ ਨੇ ਗਲਾਸਗੋ ਵਿਚ ਕਾਨਫਰੰਸ ਆਫ਼ ਪਾਰਟੀਜ਼-26 ਵਿਚ, ਗ਼ਰੀਬ ਦੇਸਾਂ ਦੀ ਮੱਦਦ ਲਈ ਕਲਾਈਮੇਟ ਫੰਡ ਲਈ 100 ਬਿਲੀਅਨ ਡਾਲਰ ਤੋਂ 1 ਟ੍ਰਿਲੀਅਨ ਕਰਨ ਦੀ ਮੰਗ ਕੀਤੀ ਸੀ, ਪਰ ਆਪਣੇ ਦੇਸ ਵਿਚ ਕਲਾਈਮੇਟ ਐਕਸ਼ਨ ਪਲਾਨ ਲਈ 30 ਕਰੋੜ ਰੁਪਏ ਹੀ ਅਲਾਟ ਕੀਤੇ ਹਨ ਜੋ ਭਾਰਤ ਵਰਗੇ ਦੇਸ, ਜਿਸ ਉੱਤੇ ਹਰ ਤਰ੍ਹਾਂ ਦੀ ਕੁਦਰਤੀ ਆਫ਼ਤ ਮਾਰ ਕਰਦੀ ਹੈ, ਲਈ ਬਹੁਤ ਘੱਟ ਹੈ। ਕੌਂਸਿਲ ਔਨ ਅਨਰਜੀ, ਇਨਵਾਇਰਨਮੈਂਟ ਅਤੇ ਵਾਟਰ ਦੀ 2020 ਦਸੰਬਰ ਦੀ ਇਕ ਰਿਪੋਰਟ ਅਨੁਸਾਰ ਦੇਸ ਦੇ 75 ਫ਼ੀਸਦ ਜ਼ਿਲ੍ਹੇ ਮੌਸਮੀ ਤਬਦੀਲੀਆਂ ਦੀ ਮਾਰ ਝੱਲ ਰਹੇ ਹਨ। ਇਸ ਦੇ ਨਤੀਜੇ ਵਜੋਂ 2021 ਵਿਚ ਭਾਰਤ ਨੇ ਕੁਦਰਤੀ ਆਫ਼ਤਾਂ ਕਾਰਨ 87 ਬਿਲੀਅਨ ਅਮਰੀਕੀ ਡਾਲਰਾਂ ਦਾ ਨੁਕਸਾਨ ਵੀ ਝੱਲਿਆ ਹੈ। ਸਾਡੇ ਦੇਸ ਨੇ ਕਾਰਬਨ ਨਿਕਾਸੀ ਨੂੰ ਘਟਾਉਣ ਲਈ ਜੰਗਲਾਂ ਅਤੇ ਦਰਖ਼ਤਾਂ ਦੇ ਰਕਬੇ ਵਿਚ ਵਾਧਾ ਕਰਨ ਦਾ ਵਾਅਦਾ ਵੀ ਪੈਰਿਸ ਮੌਸਮੀ ਸਮਝੌਤੇ ਵਿਚ ਕੀਤਾ ਹੋਇਆ ਹੈ। ਇੰਡੀਆ ਸਟੇਟ ਆਫ਼ ਫੌਰੈਸਟ ਰਿਪੋਰਟ 2021 ਅਨੁਸਾਰ ਜੰਗਲਾਂ, ਅਤੇ ਦਰਖ਼ਤਾਂ ਥੱਲੇ ਖੇਤਰ 2019 ਨਾਲੋਂ ਕਰਮਵਾਰ 1540 ਵਰਗ ਕਿਲੋਮੀਟਰ (0.22 ਫ਼ੀਸਦ), ਅਤੇ 721 ਵਰਗ ਕਿਲੋਮੀਟਰ (0.76 ਫ਼ੀਸਦ) ਵਧ ਗਿਆ ਹੈ, ਜਦੋਂ ਕਿ ਪਹਾੜੀ ਅਤੇ ਕਬਾਇਲੀ ਜ਼ਿਲ੍ਹਿਆਂ ਵਿਚ ਜੰਗਲਾਂ ਦੇ ਖੇਤਰ ਵਿਚ ਕਮੀ ਆਈ ਹੈ। ਇਸ ਰਿਪਰੋਟ ਅਨੁਸਾਰ ਸੰਘਣੇ ਜੰਗਲਾਂ ਦੇ ਖੇਤਰ ਵਿਚ ਕਮੀ ਆਈ ਹੈ ਅਤੇ ਵਾਧਾ ਕੇਵਲ ਖੁੱਲ੍ਹੇ ਜੰਗਲਾਂ ਦੇ ਖੇਤਰ ਵਿਚ ਹੋਇਆ ਹੈ। ਹੁਣ ਦੇਸ ਵਿਚ ਕੇਵਲ 21.71 ਫ਼ੀਸਦ ਖੇਤਰ ਉੱਤੇ ਹੀ ਜੰਗਲ ਹਨ ਜੋ ਕਿ 33 ਫ਼ੀਸਦ ਹੋਣਾ ਚਾਹੀਦਾ ਹੈ। ਭਾਵੇਂ ਕੇਂਦਰੀ ਬਜਟ ਵਿਚ ਚੀਤਿਆਂ ਅਤੇ ਹਾਥੀਆਂ ਦੇ ਸਾਂਭ-ਸੰਭਾਲ ਪ੍ਰੋਜੈਕਟਾਂ ਉੱਤੇ ਸਰਕਾਰ ਨੇ ਰਕਮ ਵਧਾ ਦਿੱਤੀ ਹੈ, ਪਰ ਖੁਲ੍ਹੇ ਜੰਗਲਾਂ ਥੱਲੇ ਵਧਦਾ ਅਤੇ ਸੰਘਣੇ ਜੰਗਲਾਂ ਥੱਲੇ ਘਟਦਾ ਖੇਤਰ ਜੰਗਲੀ ਜੀਵਾਂ ਲਈ ਘਾਤਕ ਬਣਦਾ ਜਾ ਰਿਹਾ ਹੈ।

ਨੈਸ਼ਨਲ ਕੋਸਟਲ ਮਿਸ਼ਨ ਦਾ ਬਜਟ ਵੀ 2021-22 ਦੇ ਬਜਟ ਨਾਲੋਂ ਘਟਾ ਦਿੱਤਾ ਗਿਆ ਹੈ। ਨੈਸ਼ਨਲ ਕੋਸਟਲ ਮਿਸ਼ਨ ਤਹਿਤ ਵਾਤਾਵਰਨ ਮੰਤਰਾਲੇ ਦੀ ਤੱਟਵਰਤੀ ਖੇਤਰਾਂ ਦੀ ਕੁਦਰਤੀ ਆਫ਼ਤਾਂ ਤੋਂ ਬਚਾਅ, ਮਸ਼ੇਰਿਆਂ ਸਮੇਤ ਤੱਟਵਰਤੀ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ, ਜੀਵ-ਜੰਤੂਆਂ ਅਤੇ ਬਨਸਪਤੀ ਦੀ ਰੱਖਿਆ ਅਤੇ ਇਨ੍ਹਾਂ ਖੇਤਰਾਂ ਦੇ ਟਿਕਾਊ ਵਿਕਾਸ ਦੀ ਜ਼ਿੰਮੇਵਾਰੀ ਬਣਦੀ ਹੈ। ਕੇਂਦਰ ਸਰਕਾਰ ਨੇ ਇਸ ਸਾਲ ਦੇ ਬਜਟ ਵਿਚ ਤੱਟਵਰਤੀ ਖੇਤਰਾਂ ਦੀ ਸਾਂਭ-ਸੰਭਾਲ ਲਈ ਰਕਮ ਘਟਾ ਕੇ ਇਨ੍ਹਾਂ ਖੇਤਰਾਂ ਨੂੰ ਕੁਦਰਤੀ ਆਫ਼ਤਾਂ ਦੀ ਹੋਰ ਵਧ ਮਾਰ ਝੱਲਣ ਲਈ ਕੁਦਰਤ ਭਰੋਸੇ ਛੱਡ ਦਿੱਤਾ ਹੈ। ਤੱਟਵਰਤੀ ਖੇਤਰਾਂ ਨੂੰ ਕੇਂਦਰ ਸਰਕਾਰ ਨੇ 2019 ਵਿਚ ਕੋਸਟਲ ਰੈਗੂਲੇਸ਼ਨ ਜ਼ੋਨ ਨਿਯਮਾਂ ਵਿਚ ਤਬਦੀਲੀ ਲਿਆ ਕੇ ਪਹਿਲਾਂ ਹੀ ਬਹੁਤ ਨੁਕਸਾਨ ਪਹੁੰਚਾਇਆ ਹੈ।

ਗਤੀ ਸ਼ਕਤੀ ਪ੍ਰੋਜੈਕਟ ਅਧੀਨ ਦੇਸ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਕਰਨ ਲਈ 1 ਲੱਖ ਕਰੋੜ ਰੁਪਏ ਅਤੇ 200 ਅਰਬ ਰੁਪਏ 2022-23 ਵਿਚ ਸੜਕਾਂ ਦੇ ਵਿਸਥਾਰ ਕਰਨ ਲਈ ਰਾਜਾਂ ਲਈ ਰੱਖੇ ਹਨ। ਗਤੀ ਸ਼ਕਤੀ ਪ੍ਰੋਜੈਕਟ ਵਿਚ ਸੜਕਾਂ, ਰੇਲਵੇ ਲਾਈਨਾਂ, ਹਵਾਈ ਅੱਡਿਆਂ, ਬੰਦਰਗਾਹਾਂ, ਜਨਤਕ ਆਵਾਜਾਈ, ਜਲ ਮਾਰਗਾਂ ਅਤੇ ਸੁਰੱਖਿਆ ਮਾਰਗਾਂ ਦਾ ਵਿਕਾਸ ਅਤੇ ਵਿਸਥਾਰ ਕਰਨਾ ਹੈ। ਕੇਂਦਰੀ ਵਿੱਤ ਮੰਤਰੀ ਨੇ ਦੱਸਿਆ ਕਿ ਅਗਲੇ ਤਿੰਨ ਸਾਲਾਂ ਵਿਚ 400 ਊਰਜਾ ਕੁਸ਼ਲ ਰੇਲਗੱਡੀਆਂ ਬਣਾਈਆਂ ਜਾਣਗੀਆਂ ਅਤੇ 25000 ਕਿਲੋਮੀਟਰ ਤੱਕ ਨੈਸ਼ਨਲ ਹਾਈਵੇਜ਼ ਬਣਾਏ ਜਾਣਗੇ। ਨੈਸ਼ਨਲ ਹਾਈਵੇਜ਼ ਦਾ ਵਿਸਥਾਰ ਵਿਚ ਪਹਿਲਾਂ ਹੀ ਦੇਸ ਦੇ ਉੱਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਪੱਛਮੀ ਘਾਟਾਂ ਵਿਚ ਵੱਸੇ ਰਾਜ ਭਾਰੀ ਕੀਮਤ ਚੁੱਕਾ ਰਹੇ ਹਨ। ਲੈਂਡ ਕੌਨਫਲਿਕਟ ਵਾਚ (ਇਕ ਡੈਟਾ ਖੋਜ ਏਜੰਸੀ) ਅਨੁਸਾਰ ਬੁਨਿਆਦੀ ਢਾਂਚੇ ਦੇ ਵਿਸਥਾਰ ਨਾਲ ਦੇਸ ਦਾ 15 ਲੱਖ ਹੈਕਟੇਅਰ ਖੇਤਰ ਅਤੇ 44 ਲੱਖ ਲੋਕ ਪ੍ਰਭਾਵਿਤ ਹੋ ਰਹੇ ਹਨ। ਇਹ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਅਕਸਰ ਵਾਤਾਵਰਨ ਨੂੰ ਭਾਰੀ ਢਾਹ ਲਾ ਰਹੇ ਹਨ।

ਕੇਨ, ਅਤੇ ਬੇਟਵਾ ਨਦੀਆਂ ਨੂੰ ਜੋੜਨ ਵਾਲੇ ਪ੍ਰੋਜੈਕਟ ਲਈ ਕੇਂਦਰ ਸਰਕਾਰ ਨੇ ਇਸ ਬਜਟ ਵਿਚ 1400 ਕਰੋੜ ਰੁਪਏ ਦੀ ਰਾਸ਼ੀ ਦੀ ਘੋਸ਼ਣਾ ਕਰ ਦਿੱਤੀ ਹੈ। ਸਰਕਾਰ ਦਾ ਕਹਿਣਾ ਹੈ ਇਸ ਨਾਲ 9 ਲੱਖ ਹੈਕਟੇਅਰ ਭੂਮੀ ਦੀ ਸਿੰਚਾਈ, 62 ਲੱਖ ਲੋਕਾਂ ਨੂੰ ਪੀਣ ਲਈ ਪਾਣੀ ਮਿਲੇਗਾ ਅਤੇ 103 ਮੈਗਾਵਾਟ ਬਿਜਲੀ ਪੈਂਦਾ ਹੋਵੇਗੀ, ਪਰ ਵਾਤਾਵਰਨ ਮਾਹਰਾਂ ਅਨੁਸਾਰ ਇਸ ਨਾਲ ਵੱਡੀ ਮਾਤਰਾ ਵਿਚ ਪੈਸਾ ਤਾਂ ਖ਼ਰਚ ਹੋਵੇਗਾ ਹੀ ਅਤੇ ਇਸ ਦੇ ਨਾਲ ਨਾਲ ਕੁਦਰਤੀ ਵਾਤਾਵਰਨ ਦਾ ਵੀ ਨੁਕਸਾਨਿਆਂ ਜਾਵੇਗਾ। ਜਦੋਂ ਨਦੀਆਂ ਨੂੰ ਨਹਿਰਾਂ ਪੁੱਟ ਕੇ ਆਪਸ ਵਿਚ ਜੋੜਿਆ ਜਾਵੇਗਾ ਤਾਂ ਉਹਨਾਂ ਦਾ ਪਾਣੀ ਭਾਰੀ ਮਾਤਰਾ ਵਿਚ ਮਾਰੂ ਖੇਤਰ ਸੋਖ ਲਵੇਗਾ। ਇਸ ਤੋਂ ਇਲਾਵਾ ਦਰਿਆ ਜਾਂ ਨਦੀ ਦਾ ਵਹਾਅ ਕੁਦਰਤੀ ਤੌਰ ਉੱਤੇ ਹੀ ਕਿਸੇ ਦਿਸ਼ਾ ਵੱਲ ਵਹਿੰਦਾ ਹੈ। ਜੇਕਰ ਉਸ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਕੁਝ ਸਮੇਂ ਬਾਅਦ



ਉਹ ਆਪਣੇ ਕੁਦਰਤੀ ਵਹਾਅ ਵੱਲ ਮੁੜ ਆਉਂਦਾ ਹੈ ਜਿਸ ਨਾਲ ਹੜ੍ਹਾਂ ਦੀ ਆਮਦ ਵਿਚ ਵਾਧਾ ਹੋ ਜਾਂਦਾ ਹੈ। ਅਮਰੀਕਾ ਦੇ ਮਿਸੀਸਿਪੀ ਨਦੀ ਦੇ ਵਹਾਅ ਖੇਤਰ ਵਿਚ ਮਨੁੱਖੀ ਬਦਲਾਵਾਂ ਨਾਲ ਹੜ੍ਹਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਘਣਤਾ ਵਿਚ ਬੇਸ਼ੁਮਾਰ ਵਾਧਾ ਹੋਇਆ ਹੈ। 1960 ਤੋਂ ਪਹਿਲਾਂ ਅਰਲ ਸਮੁੰਦਰ ਦੁਨੀਆ ਦਾ ਚੌਥਾ ਵੱਡਾ ਲੈਂਡਲੋਕਡ ਸਮੁੰਦਰ ਸੀ। ਉਸ ਵੇਲੇ ਇਸ ਵਿਚ ਸੀਰ, ਅਤੇ ਅਮੂ ਨਦੀਆਂ ਦਾ ਪਾਣੀ ਪੈਂਦਾ ਸੀ। ਸੀਰ, ਅਤੇ ਅਮੂ ਨਦੀਆਂ ਦੇ ਪਾਣੀ ਦੀ ਵਰਤੋਂ ਸਿੰਚਾਈ ਲਈ ਕਰਨ ਲਈ ਉਨ੍ਹਾਂ ਉੱਤੇ ਬੰਨ੍ਹ ਲਗਾ ਲਏ ਗਏ ਅਤੇ ਅਰਲ ਸਮੁੰਦਰ ਨੂੰ ਬਹੁਤ ਥੋੜ੍ਹਾ ਪਾਣੀ ਮਿਲਦਾ ਸੀ ਜਿਸ ਕਾਰਨ ਉਹ ਸੁੰਗੜਦਾ ਸੁੰਗੜਦਾ ਖ਼ਤਮ ਹੋ ਗਿਆ। ਪੰਜਾਬ ਦਾ ਸਤਲੁਜ ਦਰਿਆ ਵੀ ਭਾਖੜਾ ਡੈਮ ਬਣਨ ਕਾਰਨ ਅਨਿਆਈ ਮੌਤ ਮਰ ਰਿਹਾ ਹੈ। ਇਸ ਸਾਲ ਦੇ ਬਜਟ ਵਿਚ ਕੇਨ, ਅਤੇ ਬੇਟਵਾ ਨਦੀਆਂ ਨੂੰ ਜੋੜਨ ਲਈ ਰਾਸ਼ੀ ਅਲਾਟ ਕਰਨਾ ਸਰਕਾਰ ਲਈ ਇਕ ਚੋਣਾਂ ਦਾ ਮੁੱਦਾ ਵੀ ਹੋ ਸਕਦੀ ਹੈ। ਇਹ ਪ੍ਰੋਜੈਕਟ ਵਾਤਾਵਰਨ ਲਈ ਬਹੁਤ ਘਾਤਕ ਹੋਵੇਗਾ।

ਦੇਸ ਵਿਚ ਪਾਣੀ ਨਾਲ ਜੁੜੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ। ਉਨ੍ਹਾਂ ਨੂੰ ਹੱਲ ਕਰਨ ਲਈ ਕੇਂਦਰ ਸਰਕਾਰ ਨੂੰ ਨਦੀਆਂ ਨੂੰ ਜੋੜਨ ਦੀ ਲੋੜ ਨਹੀਂ ਹੈ, ਸਗੋਂ ਉਨ੍ਹਾਂ ਨੂੰ ਸਾਫ਼ ਕਰਨ ਭਾਵ ਪ੍ਰਦੂਸ਼ਣ, ਰਹਿਤ ਕਰਨ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਹਰ ਤਰ੍ਹਾਂ ਦੇ ਜਲਸਰੋਤਾਂ ਵਿਚ ਕਿਸੇ ਵੀ ਤਰ੍ਹਾਂ ਦੀ ਗੰਦਗੀ ਸੁੱਟਣ ਉੱਤੇ ਰੋਕ ਲਗਾਵੇ, ਕਿਸੇ ਵੀ ਉਦਯੋਗਿਕ ਇਕਾਈਆਂ ਦਾ ਗੰਦਾ ਪਾਣੀ ਅਤੇ ਸ਼ਹਿਰਾਂ ਅਤੇ ਪਿੰਡਾਂ ਦਾ ਸੀਵਰੇਜ਼ ਦਾ ਪਾਣੀ ਨਦੀਆਂ ਅਤੇ ਜਲਸਰੋਤਾਂ ਵਿਚ ਸੁੱਟਣ ਉੱਤੇ ਜ਼ੁਰਮਾਨੇ ਲਗਾਵੇ, ਹਰ ਇਕ ਸ਼ਹਿਰ ਵਿਚ ਸੀਵਰੇਜ਼ ਟਰੀਟਮੈਂਟ ਪਲਾਂਟ ਲਗਾ ਕੇ ਸ਼ੁੱਧ ਕੀਤਾ ਪਾਣੀ ਵਰਤੋਂ ਵਿਚ ਲਿਆਵੇ, ਦੇਸ ਵਿਚ ਕਾਰਬਨ ਨਿਕਾਸੀ ਵਿਚ ਕਟੌਤੀ ਕਰਨ ਲਈ ਊਰਜਾ ਨਵਿਆਉਣਯੋਗ ਸਰੋਤਾਂ ਤੋਂ ਪੈਦਾ ਕਰਨ ਲਈ ਬਜਟ ਵਿਚ ਵੱਧ ਰਕਮ ਰੱਖੇ, ਕੋਲੇ ਤੋਂ ਊਰਜਾ ਪੈਦਾ ਕਰਨੀ ਬੰਦ ਕਰੇ। ਜੰਗਲਾਂ ਦੇ ਖੇਤਰ ਵਿਚ ਅਸਲ ਵਿਚ ਵਾਧਾ ਕਰੇ, ਘਣੇ ਜੰਗਲਾਂ ਨੂੰ ਕੱਟਣ ਉੱਤੇ ਪੂਰਨ ਤੌਰ ਉੱਤੇ ਪਾਬੰਦੀ ਲਗਾਵੇ, ਨੈਸ਼ਨਲ ਹਾਈਵੇਜ਼ ਦਾ ਵਿਸਥਾਰ ਕਰਨ ਦੀ ਥਾਂ ਉੱਤੇ ਪੁਰਾਣੀਆਂ ਸੜਕਾਂ ਅਤੇ ਰੇਲਵੇ ਟਰੈਕਾਂ ਦੀ ਮੁਰੰਮਤ ਕਰਕੇ ਉਨ੍ਹਾਂ ਨੂੰ ਚੁੱਸਤ-ਦੁਰੱਸਤ ਕਰੇ, ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਦੀ ਥਾਂ ਉੱਤੇ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਜਨਸੰਖਿਆ ਦੇ ਅਨੁਪਾਤ ਵਿਚ ਵਧਾਵੇ ਅਤੇ ਉਨ੍ਹਾਂ ਨੂੰ ਸਾਫ਼ ਊਰਜਾ ਨਾਲ ਚਲਾਉਣ ਲਈ ਬਜਟ ਰਾਹੀਂ ਧਨ ਮੁਹੱਈਆ ਕਰਾਵੇ। ਦੇਸ ਦੇ ਵਾਤਾਵਰਨ ਨੂੰ ਸਵੱਛ ਬਣਾਉਣ ਲਈ ਕੇਂਦਰ ਸਰਕਾਰ ਨੂੰ ਕੁਦਰਤ-ਪੱਖੀ ਵਿਕਾਸ ਯੋਜਨਾਵਾਂ ਬਣਾਉਂਣੀਆਂ ਚਾਹੀਦੀਆਂ ਹਨ। ਕੁਦਰਤੀ ਆਫ਼ਤਾਂ ਤੋਂ ਦੇਸ ਦੇ ਲੋਕਾਂ ਨੂੰ ਬਚਾਉਣ ਲਈ ਕੇਂਦਰ ਸਰਕਾਰ ਨੂੰ ਬਜਟ ਖ਼ਰਚਿਆਂ ਦੇ ਪਿਛਲੇ ਰੁਝਾਨਾਂ ਅਤੇ ਮੌਜੂਦਾ ਕਲਾਈਮੇਟ ਚੇਂਜ ਐਕਸ਼ਨ ਪਲਾਨ ਨੂੰ ਬਦਲਣਾ ਹੋਵੇਗਾ।



ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ, ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ

ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



## Mrs. & Mr. Jagtar Bhatia (The Bhatia Family)

President:
Sri Guru Ravidass Sabha Pittsburg (CA)



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥

## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ

ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



## Mrs. & Mr. Shinderpaul Narabut (The Narabut family)

Ex President:
Sri Guru Ravidass Sabha Pittsburg (CA)

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ । ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

31252 Veasy Street, Union City, California 94587



## ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 645ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

*ਗੁਰੂ ਪਿਆਰੀ ਸਾਧ ਸੰਗਤ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਗੁਰੂ ਘਰ ਦੀ ਬਿਲਡਿੰਗ ਬਣਾਉਣ ਲਈ ਕਾਉਂਟੀ ਵਲੋਂ ਮਨਜ਼ੂਰੀ ਮਿਲ ਗਈ ਹੈ*

*ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਘਰ ਦੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਦਿਓ ਜੀ।*

ਨੋਟ- ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਕੋਵਿਡ-19 ਸਬੰਧੀ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ 27 ਮਾਰਚ 2022 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

| ਵਿਨੋਦ ਕੁਮਾਰ ਚੁੰਬਰ (ਚੇਅਰਮੈਨ) | ਰਾਮ ਲੁਭਾਇਆ (ਪ੍ਰਧਾਨ) | ਪ੍ਰਦੀਪ ਕੁਮਾਰ (ਜਨਰਲ ਸਕੱਤਰ) | ਸੁਰਿੰਦਰ ਸੋਨੀ (ਖਜਾਨਚੀ) |
|---|---|---|---|



ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ, ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

## ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ

Vinod Kumar Chumber
(CEO)

American Golden Property LLC
Golden Eagle property LLC



Mrs. & Mr. Vinod Kumar Chumber




## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

### ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਮਨਾਏ ਜਾ ਰਹੇ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ 645ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ ਜੀ

ਆਓ ਆਪਾਂ ਸਾਰੇ ਪਰਿਵਾਰਾਂ ਨਾਲ ਗੁਰੂ ਘਰ ਪਹੁੰਚ ਕੇ ਕੋਵਿਡ-19 ਦੀਆਂ ਸ਼ਰਤਾਂ ਤਹਿਤ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



ਸ੍ਰੀਮਤੀ ਅਤੇ ਸ੍ਰੀ ਕਸ਼ਮੀਰੀ ਭਾਟੀਆ (ਸਾਬਕਾ ਪ੍ਰਧਾਨ) ਅਤੇ ਸਮੂਹ ਭਾਟੀਆ ਪਰਿਵਾਰ






KB USED AUTO SALES

8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## ਵੋਟਰ ਵੀ ਆਪਣਾ ਫਰਜ਼ ਪਹਿਚਾਨਣ

# ਆਓ ਵਿਰਸੇ ਅਤੇ ਅਜੋਕੀ ਪੰਜਾਬ ਦੀ ਰਾਜਨੀਤੀ ਤੇ ਵਿਚਾਰਾਂ ਕਰੀਏ ਮੁੱਦੇ ਗਾਇਬ, ਚੇਹਰੇ ਤੇ ਮੇਹਣੋ-ਮੇਹਣੀ ਬਣੀ ਸਿਆਸਤ !

ਵਿਸ਼ਵ ਵਿੱਚ ਮਨੁੱਖੀ ਸੂਝ ਦੇ ਪ੍ਰਮੁੱਖ ਤਿੰਨ ਯੁੱਗ ਹੋਏ ਹਨ: ਮਿਥਿਆਨ, ਧਰਮ ਅਤੇ ਵਿਗਿਆਨ, ਇਹਨਾਂ ਯੁੱਗਾਂ ਵਿੱਚ ਮਨੁੱਖ ਨੇ ਸੰਸਾਰ ਨੂੰ ਪਰਖਣ, ਸਮਝਣ ਅਤੇ ਬਿਆਨਣ ਦਾ ਵੱਖੋ ਵੱਖਰਾ ਢੰਗ ਅਪਨਾਇਆ। ਇਵੇਂ ਹੀ ਮਨੁੱਖ ਕਿੱਥੋਂ ਆਉਂਦਾ ਹੈ, ਕਿੱਥੇ ਜਾਂਦਾ ਹੈ, ਇਸ ਸੰਸਾਰ ਦੀ ਉਤਪੱਤੀ, ਸੂਰਜ, ਚੰ-ਦਰਮਾ ਆਦਿ ਸਬੰਧੀ ਹਰ ਪ੍ਰਸ਼ਨ ਦਾ ਜਵਾਬ ਵੀ ਤਿੰਨਾਂ ਯੁੱਗਾਂ ਦੀਆਂ ਸੋਚ ਪ੍ਰਣਾਲੀਆਂ ਨੇ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਨਾਲ ਉੱਤਰ ਦਿੱਤਾ ਹੈ।

> ਗੱਲ ਹੁਣ ਸਿੱਧੀ ਵਿਸ਼ੇ ਤੇ ਕੇਂਦਰਤ ਕਰੀਏ ਤਾਂ ਅੰਤਰਰਾਸ਼ਟਰੀ ਪੱਧਰ ਤੇ ਰਾਜਨੀਤੀ ਦੀ ਹੁੰਦੀ ਹੈ ਤੇ ਸਿਆਸਤਦਾਨ ਲੋਕ ਕੌਣ ਹੁੰਦੇ ਹਨ, ਬਾਰੇ ਇਹ ਪ੍ਰਭਾਸ਼ਾ ਜਿਆਦਾ ਕਾਰਗੁਰ ਨਜਰ ਆਉਂਦੀ ਹੈ ਕਿ ' ਇੱਕ ਰਾਜਨੇਤਾ, ਇੱਕ ਅਜਿਹਾ ਵਿਅਕਤੀ ਹੁੰਦਾ ਹੈ ਜੋ ਆਪਣੀ ਪਾਰਟੀ ਰਾਜਨੀਤੀ ਵਿੱਚ ਸਰਗਰਮ ਹੁੰਦਾ ਹੈ ਜਾਂ ਇੱਕ ਵਿਅਕਤੀ ਹੁੰਦਾ ਹੈ ਜੋ ਪ੍ਰਸਤਾਵਿਤ ਕਰਦੇ ਹਨ, ਸਮਰਥਨ ਕਰਦੇਹਨ ਜਾਂ ਅਸਵਿਕਾਰ ਹੁੰਦੇ ਹਨ ਅਤੇ ਕਾਨੂੰਨ ਬਣਾਉਂਦੇ ਹਨ। ਮੋਟੇ ਤੌਰ ਤੇ ਇੱਕ ਰਾਜਨੇਤਾ ਉਹ ਕੋਈ ਵੀ ਹੋ ਸਕਦਾ ਹੈ, ਜੋ ਸਰਕਾਰ ਵਿੱਚ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨੀ ਚਾਹੁੰਦਾ ਹੈ। ਸਿਆਸਤਦਾਨ ਉਹ ਲੋਕ ਹੁੰਦੇ ਹਨ ਜੋ ਸਿਆਸੀ ਤੌਰ ਤੇ ਸਰਗਰਮ ਹੁੰਦੇ ਹਨ, ਖਾਸ ਕਰਕੇ ਪਾਰਟੀ ਰਾਜਨੀਤੀ ਵਿੱਚ ਰਾਜਨੀਤਿਕ ਅਹੁਦੇ ਸਥਾਨਕ ਸਰਕਾਰਾਂ ਤੋਂ ਲੈ ਕੇ ਰਾਜ ਸੰਘੀ ਸਰਕਾਰਾਂ ਤੋਂ ਅੰਤਰਰਾਸ਼ਟਰੀ ਸਰਕਾਰਾਂ ਤੱਕ ਹੁੰਦੇ ਹਨ। ਸਾਰੇ ਚੁਣੇ ਹੋਏ ਨੁਮਾਇੰਦਿਆਂ ਨੂੰ ਸਿਆਸਤਦਾਨ ਮੰਨਿਆ ਜਾਂਦਾ ਹੈ।



ਮਿਥਿਹਾਸ ਯੁੱਗ ਦੇ ਸਾਹਿਤ ਦਾ ਨਾਇਕ ਦੇਵਤਾ ਹੈ, ਧਰਮ ਅਧਾਰਿਤ ਯੁੱਗ ਚ ਸਾਹਿਤ ਦਾ ਨਾਇਕ ਰੱਬ ਹੈ, ਜਦੋਂ ਕਿ ਵਿਗਿਆਨ ਯੁੱਗ ਦਾ ਨਾਇਕ ਮਨੁੱਖ ਹੈ। ਲੇਕਿਨ ਸਾਨੂੰ ਮਿਥਿਹਾਸ ਧਰਮ ਤੋਂ ਅਜੋਕੇ ਵਿਗਿਆਨ ਦੇ ਯੁੱਗ ਵਿੱਚ ਨਵੀਂ ਸੋਚ ਵਾਲੇ ਮਨੁੱਖਾਂ ਦੀ ਲੋੜ ਹੈ, ਜਿਸ ਦੇ ਕਲਾਵੇ ਵਿੱਚ ਸਾਰਾ ਸੰਸਾਰ ਆ ਜਾਵੇ, ਜਿਸ ਦੇ ਪੈਰ ਧਰਤੀ ਉੱਤੇ ਵਧੇਰੇ ਜਿਸ ਦੀ ਦ੍ਰਿਸ਼ਟੀ ਬ੍ਰਹਿਮੰਡ ਜਿਤਨੀ ਵਿਸ਼ਾਲ ਹੋਵੇ।( ਡਾ. ਕਪੂਰ)

ਇਹ ਵੀ ਅੱਜ ਦਾ ਸੱਚੋ ਸੱਚ ਹੈ ਕਿ ਅਜੋਕੇ ਯੁੱਗ ਦੇ ਸੰਤਾਪ, ਸੰਕਟ, ਮੁਸ਼ਕਿਲਾਂ ਅਤੇ ਮੁਸੀਬਤਾਂ ਪਹਿਲੇ ਯੁੱਗਾਂ ਦੀਆਂ ਚਣੌਤੀਆਂ ਨਾਲੋਂ ਵੱਖਰੀਆਂ ਹੀ ਨਹੀਂ ਸਗੋਂ ਵਧੇਰੇ ਗੰਭੀਰ ਵੀ ਹਨ। ਸਾਨੂੰ ਅੱਜ ਦੇ ਮੌਕੇ ਅਜਿਹੀ ਨਵੀਂ, ਨਿਗਰ ਅਤੇ ਨਰੋਈ ਸੋਚ ਦੀ ਲੋੜ ਹੈ, ਜਿਹੜੀ ਆਫਤਾਂ ਨੂੰ ਅਵਸਰਾਂ ਵਿੱਚ ਬਦਲ ਦੇਵੇ ਅਤੇ ਜਿਹੜੀ ਹਨੇਰਿਆਂ ਤੋਂ ਪਾਰ ਰੌਸ਼ਨੀਆਂ ਦਿਖਾ ਸਕੇ। ਸਮੇਂ ਦੀ ਪੁਰਜੋਰ ਮੰਗ ਹੈ ਕਿ ਅੱਜ ਸਾਨੂੰ ਅਜਿਹੇ ਵਿਅਕਤੀਆਂ ਦੀ ਲੋੜ ਹੈ, ਜਿਹੜੇ ਸਮੁੱਚੀ ਮਾਨਵਤਾ ਅਤੇ ਸਮੁੱਚੇ ਵਿਸ਼ਵ ਦੇ ਸੰਦਰਭ ਵਿੱਚ ਸੋਚ ਸਕਣ।

ਇਤਿਹਾਸ ਤੋਂ ਸਬਕ ਲੈਂਦਿਆਂ ਸਾਨੂੰ ' ਅੱਜ ' ਆਪਣਾ ਬੇਹਤਰ ਬਣਾਉਣ ਦੀ ਲੋੜ ਹੈ, ਕਿਉਂਕਿ ਜੇ ਅੱਜ ਵਰਤਮਾਨ ਵਿੱਚ ਅਸੀਂ ਨਹੀਂ ਜੀਅ ਸਕੇ ਤਾਂ ਭਵਿੱਖ ਸਵਾਲ ਸਾਨੂੰ ਉਲਾਮੇ ਹੀ ਨਹੀਂ ਦੇਵੇਗਾ, ਇੱਕ ਦਿਨ ਕਟਹਿਰੇ ਵਿੱਚ ਵੀ ਖੜ੍ਹਾ ਕਰੇਗਾ ਤੇ ਇਨਸਾਫ ਦੀ ਦੇਵੀ ਪੁੱਛੇਗੀ ਕਿ ਬੜਿਓ ਸਿਆਣਿਓ, ਹੁਣ ਦਿਓ ਜਵਾਬ ਬੰਦੇ ਦੇ ਪੁੱਤ ਬਣਕੇ। ਕਦੇ ਮਿ-ਥਿਹਾਸ ਤੇ ਕਦੇ ਧਰਮ ਤੇ ਤਾਂ ਵਧੇਰੇ ਟਿੱਪਣੀਆਂ ਕਰਕੇ ਆਪਣੇ ਆਪ ਨੂੰ ਗਿਆਨੀ ਦਰਵੇਸ਼ ਮਨੁੱਖ ਤੇ ਸਿਆਸਤ ਦੇ ਬਾਬਾ ਬੋਹੜ ਸਮਝੀ ਬੈਠੇ ਸੀ।

ਇਸ ਬਾਰੇ ਸਵਾਲਾਂ ਦੇ ਜਵਾਬ ਦੇਣ ਲਈ ਸਾਰੇ ਜਿੰਮੇਵਾਰ ਹਾਂ ਤੇ ਇਸ ਜਿੰਮੇਵਾਰੀ ਨੂੰ ਬਾਖੂਬੀ ਨਿਭਾਏ ਤੋਂ ਕਿਸੇ ਵੀ ਹਾਲਤ/ਸੂਰਤ ਵਿੱਚ ਪਿੱਛੇ ਨਹੀਂ ਛੱਡਿਆ ਜਾ ਸਕਦਾ।

ਭਾਰਤ ਵਿੱਚ ਸਮੁੱਚੀ ਵਿਵਸਥਾ ਨੂੰ ਚਲਾਉਣ ਲਈ ਅਜਾਦੀ ਤੋਂ ਬਾਅਦ ਸਾਡਾ ਆਪਣਾ ਸੰਵਿਧਾਨ ਹੈ। ਜਿਸ ਵਿੱਚ ਹਰ ਨਾਗਰਿਕ ਨੂੰ ਬਰਾਬਰ ਰੱਖਿਆ ਗਿਆ ਹੈ। ਦੇਸ਼ ਹੀ ਅਸਲ ਵਿੱਚ ਲੋਕਤੰਤਰ ਹੈ ਤੇ ਭਾਰਤ ਦਾ ਸਭ ਤੋਂ ਵੱਡਾ ਇਹ ਕਾਨੂੰਨੀ ਦਸਤਾਵੇਜ 'ਭਾਰਤ ਦੇ ਲੋਕਾਂ' ਨੂੰ ਸਮਰਪਿਤ ਹੈ।

ਸਾਡੇ ਸੰਵਿਧਾਨ ਰਹਿਨੁਮਾ ਨੇ ਲੋਕਤੰਤਰ ਦੀ ਖੂਬ-ਸੂਰਤੀ ਨੂੰ ਚਾਰ ਚੰਨ ਲਗਾਉਣ ਲਈ ਹਰ ਪੰਜ ਸਾਲਾਂ ਬਾਅਦ ਚੋਣਾਂ ਕਰਵਾਉਣ ਦੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਦੇਸ਼ ਜਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਲੋਕਾਂ ਦੀ ਕਚਿਹਰੀ ਵਿੱਚ ਆਪਣੇ ਆਪ ਨੂੰ ਪੇਸ਼ ਕਰਨਾ ਲਾਜਮੀ ਕੀਤਾ ਜਾ ਸਕੇ ਤਾਂ ਜੋ ਦੇਸ਼ ਦੇ ਲੋਕ ਮੁੜ ਆਪਣੇ ਵੋਟਾਂ ਰਾਹੀਂ ਪਹਿਲੇ ਰਾਜ ਕਰਨ ਵਾਲਿਆਂ ਤੇ ਨਵੇਂ ਰਾਜ ਕਰਨ ਵਾਲਿਆਂ ਵਿਚਕਾਰ ਕੀ ਚੰਗਾ ਤੇ ਕੀ ਮਾੜਾ ਹੈ, ਬਾਰੇ ਆਪਣੀ ਮੱਤ (ਅਕਲ) ਮੁਤਾਬਕ ਸੋਚ, ਵਿਚਾਰ ਕੇ ਫੈਂਸਲਾ ਲੈ ਸਕਣ।

ਇਹ ਲੋਕਤੰਤਰ ਦੀ ਖੂਬਸੂਰਤੀ ਹੈ ਜਿੱਥੇ ਚਾਹੇ ਉਹ ਰਾਜਾ ਹੋਵੇ ਜਾਂ ਆਮ ਇਨਸਾਨ, ਇੱਕ ਵੋਟ- ਇੱਕ ਕੀਮਤ ਨਿਸ਼ਚਿਤ ਕੀਤੀ ਹੋਈ ਹੈ।

ਰਾਜਨੀਤੀ ਜਿਸ ਨੂੰ ਵਿਵਹਾਰ/ਬੋਲਚਾਲ ਸਿਆਸਤ ਕਿਹਾ ਜਾਂਦਾ ਹੈ ਤੇ ਸਾਡੇ ਸਿਆਸੀ ਆਗੂ ਜਿਹੜੇ ਚੁਣੇ ਜਾਣ ਤੇ ਸਾਡੇ ਵਿਧਾਇਕ, ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਕਹਿਲਾਏ ਜਾਂਦੇ ਹਨ। 1950 ਤੋਂ ਬਾਅਦ ਹੁਕਮਰਾਨ ਕਹਿਲਾਉਦੇ ਹਨ ਇਹਨਾਂ ਸਿਆਸਤਦਾਨਾਂ ਨੂੰ ਹਰ ਹਾਲਤ ਵਿੱਚ ਵੋਟਾਂ ਸਮੇਂ ਲੋਕ ਕਚਿਹਰੀ ਵਿੱਚ ਜਾਣਾ ਹੀ ਪੈਂਦਾ ਹੈ।

ਅਸਲ ਵਿੱਚ ਦੇਸ਼ ਨੂੰ ਸਿਆਸੀ ਪਾਰਟੀਆਂ ਦੇ ਆਗੂ ਹੀ ਚਲਾਉਂਦੇ ਹਨ, ਉਹ ਹੀ ਸਾਡੇ ਲਈ ਕਾਨੂੰਨ ਬਣਾਉਂਦੇ ਹਨ ਕਿ ਕਿਵੇਂ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦੇ ਵਸ-ਨੀਕਾਂ ਨੂੰ ਬਹੁਪੱਖੀ ਸਹੂਲਤਾਂ ਦੂਜੇ ਦੇਸ਼ਾਂ ਨਾਲ ਸੁਰੱਖਿਆ, ਅੰ-ਦਰੂਨੀ ਸਮੱਸਿਆ ਤੇ ਦੇਸ਼ ਨੂੰ ਨਵੇਂ ਰੌਸ਼ਨ ਭਵਿੱਖ ਵੱਲ ਕੀਤਾ ਜਾਵੇ ਤੇ ਗਲੋਬਲ ਪਿੰਡੋ ਵਿੱਚ ਦੇਸ਼ ਨੂੰ ਕਿੰਝ ਸਥਾਪਤ ਕੀਤਾ ਜਾਵੇ ਬਾਰੇ ਫੈਸਲੇ ਲੈਂਦਾ ਹਨ। ਇਨ੍ਹਾਂ ਸਵਾਲਾਂ ਦੇ ਹੱਲ ਲੱਭਣ ਤੇ ਜਿੰਮੇਵਾਰੀ ਨੂੰ ਨਿਭਾਉਣ ਨੂੰ ਹੀ ਇੱਕ ਤਰ੍ਹਾਂ ਸਰਕਾਰ ਬਣ-ਾਉਣ/ਚਲਾਉਣ ਦਾ ਨਾਮ ਹੀ ਹੈ। ਇਸੇ ਕਰਕੇ ਅਖਬਾਰਾਂ, ਟੀ.ਵੀ. ਚੈਨਲਾਂ ਦਾ ਮੁੱਖ ਸਫਾ ਜਾਂ ਮੁੱਖ ਖਬਰਾਂ ਸਰਕਾਰ ਜਾਂ ਸਰਕਾਰ ਦੀਆਂ ਨੀਤੀਆਂ ਆਦਿ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ।ਭਾਵ ਸਿਆਸਤ ਨਾਲ ਸਬੰਧਤ ਵੱਧ ਹੁੰਦੀਆ ਹਨ।

ਅੰਤਰਰਾਸ਼ਟਰੀ ਪੱਧਰ ਤੇ ਇਤਿਹਾਸ ਦੇ ਸਭ ਤੋਂ ਵੱਧ ਬੁੱਧੀਮਾਨ ਪ੍ਰਵਾਨੇ ਗਏ ਮਨੁੱਖ ਨੂੰ ਸੁਕਰਾਤ ਦੇ ਨਾਮ ਨਾਲ ਦੁਨੀਆਂ ਭਰ ਵਿੱਚ ਜਾਣਿਆ ਜਾਂਦਾ ਹੈ। ਜਿਸ ਨੇ ਮਨੁੱਖ ਇਤਿਹਾਸ ਵਿੱਚ ਆਪਣੇ ਤੇ ਲੱਗੇ ਇਲਜਾਮਾਂ ਨੂੰ ਇਸ ਪੱਧਰ ਤੇ ਤਰਕ-ਦਲੀਲਾਂ ਨਾਲ ਅਜਿਹਾ ਧੋ ਦਿੰਦਾ ਕਿ ਪ੍ਰਚਲਿਤ ਪ੍ਰਣਾਲੀ ਨੂੰ ਵਿਵੇਕਮਈ, ਤਰਕਸ਼ੀਲ ਬਣਾਉਣ ਲਈ ਇਨਸਾਫ ਦੇਣ ਵਾਲੇ ਜੱਜਾਂ ਨੂੰ ਹੀ ਅੱਜ ਤੱਕ ਲੋਕ ਕਚਿਹਰੀ ਵਿੱਚ ਖੜ੍ਹਾ ਕੀਤਾ ਹੋਇਆ ਹੈ। ਜਿਸ ਨੇ ਆਪਣਾ ਮੁਕੱਦਮਾ ਖੁਦ ਲੜਕੇ ਸਾਬਤ ਕਰ ਦਿੱਤਾ ਹੈ ਕਿ ਜੇਕਰ ਇੱਕ ਮਨੁੱਖ ਵੀ ਚਾਹੇ ਤਾਂ ਉਹ ਵਿਵਸਥਾ ਪਰਿਵਰਤਨ ਲਿਆ ਸਕਦਾ ਹੈ।



ਸੰਤੋਖ ਸਿੰਘ ਜੱਸੀ
91-70876-19800

ਭਾਰਤ ਦੇ ਸੰਦਰਭ ਵਿੱਚ ਕਦੇ ਕਿਸੇ ਨੇ ਸੋਚਿਆ ਕਿ ਡਾ: ਅੰਬੇਡਕਰ ਵੀ ਭਾਰਤ ਦੇ ਕਾਨੂੰਨ ਵਾਲੀ ਸਭ ਤੋਂ ਵੱਡੀ ਪੁਸਤਕ ਦੇ ਮੁੱਖ ਰਚੇਤਾ ਹੋ ਸਕਦੇ ਹਨ ਪਰ ਉਹਨਾਂ ਕਰਕੇ ਦਿਖਾਇਆ। ਸੰਵਿਧਾਨ ਵੀ ਅਜਿਹਾ ਲਿਖਿਆ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਸਫਲਤਾ ਦੀ ਗੱਲ ਕਰਨੀ ਹੋਵੇ ਤਾਂ ਉਹ ਇਸ ਅਨੂਠੇ, ਸਫਲ ਤੇ ਸਾਰੇ ਭਾਰਤ ਵਾਸੀਆਂ ਲਈ ਪੂਰੀ ਤਰ੍ਹਾਂ ਯੋਗ ਕਾਰਗਰ ਸਾਬਤ ਹੋਇਆ ਹੈ। ਜਿਸ ਕਾਰਨ ਤਮਾਮ ਹਾਲਾਤਾਂ ਦੇ ਬਾਵਜੂਦ ਭਾਰਤ ਇੱਕਮੁੱਠ ਹੈ। ਜਿਸ ਦਾ ਸੇਹਰਾ ਸਾਡੇ ਭਾਰਤ ਦੇ ਜੰਮਪਲ ਤੇ ਸਾਡੇ ਆਗੂਆਂ ਨੂੰ ਹੈ ਪਰ ਅੱਜ ਵੀ ਬਾਬਾ ਸਾਹਿਬ ਡਾ: ਅੰ-ਬੇਡਕਰ ਕਰੋੜਾਂ 'ਚੋਂ ਇੱਕ ਹੈ ਜਿਸ ਨੇ ਸੰਦੇਸ਼ ਦਿੱਤਾ ਕਿ ਨਿਆਂ, ਬਰਾਬਰਤਾ, ਸਮਾਨਤਾ ਤੇ ਭਾਈਚਾਰਾ ਸਾਨੂੰ ਸਾਡੇ ਪੁਰਖਿਆਂ ਨੇ ਦਿੱਤਾ। ਉਨ੍ਹਾਂ ਲੋਕਾਂ ਨੂੰ ਜਾਗਰੂਕ ਕੀਤਾ ਕਿ ਸਮੱਸਿਆ ਦਾ ਹੱਲ ਕਿਸੇ ਹੋਰ ਨੇ ਨਹੀਂ ਬਲਕਿ ਸੰਸਦ ਤੇ ਸੂਬਿਆਂ ਵਿੱਚ ਬੈਠੇ ਤੁਹ-ਾਡੇ ਚੁਣੇ ਹੋਏ ਨੁਮਾਇੰਦਿਆਂ ਨੇ ਕਰਨਾ ਹੈ।

ਦੁਨੀਆਂ ਹੀ ਨਹੀਂ ਭਾਰਤ ਦੇ ਇਤਿਹਾਸ ਵਿੱਚ ਕਿਸੇ ਪਾਰਲੀਮੈਂਟ ਸਾਹਮਣੇ ਉ ਕਰਨ ਵਾਲੀ ਆਦਮ ਕੱਦ ਬੁੱਤ ਵਾਲੀ ਤਸਵੀਰ ਸੰਦੇਸ਼ ਦਿਤਾ ਹੈ ਤੇ ਹਮੇਸ਼ਾ ਦਿੰਦੀ ਰਹੇਗੀ। ਜਿਸ ਕਰਕੇ ਸਾਨੂੰ ਚੋਣਾਂ-ਵੋਟਾਂ 'ਚ ਹਿੱਸਾ ਲੈਣਾ ਹੀ ਪਵੇਗਾ, ਭਾਵੇਂ ਕੋਈ ਮਨੁੱਖ ਕਿੰਨਾ ਵੀ ਕਹੇ ਕਿ ਮੇਰਾ ਸਿਆਸਤ/ਰਾਜਨੀਤੀ ਨਾਲ ਕੋਈ ਲੈਣ ਦੇਣਾ ਨਹੀਂ ਪਰ ਅਜਿਹੀ ਸਥਿਤੀ ਵਿੱਚ ਰਾਜਨੀਤੀ ਖੁਦ ਹੀ ਤੁਹਾਡੇ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੰਦੀ ਹੈ।

ਇਸੇ ਸੰਦਰਭ/ ਪ੍ਰਕਿਰਿਆ ਤਹਿਤ ਭਾਰਤ ਦੇ ਮੁੱਖ ਚੋਣ ਕਮਿਸ਼ਨ ਵਲੋਂ 5 ਰਾਜਾਂ ਵਿੱਚ ਚੋਣਾਂ ਕਰਵਾਈਆਂ ਜਾ ਰਹੀਆਂ ਹਨ ਤੇ ਸਿਆਸੀ ਆਗੂ ਤੇ ਸਿਆਸਤ ਕਾਲ ਮੁੜ 5 ਸਾਲਾਂ ਬਾਅਦ ਤੁਹਾਡੇ ਰੁਬਰੂ ਲਗਾਤਾਰ ਹੋ ਰਹੇ ਹਨ। ਜਿਹੜੇ ਕਿ ਨੇਤਾ-ਸਿਆਸਤਦਾਨ ਕਦੇ ਕਿਸੇ ਨੂੰ ਮਿਲਦੇ ਨਹੀਂ ਸਨ ਘਰੋਂ ਬਾਹਰ ਨਹੀਂ ਨਿਕਲਦੇ ਸਨ। ਕਦੇ ਵਿਚਾਰ ਸਾਂਝੇ ਨਹੀਂ ਕਰਦੇ ਸਨ। ਲੋਕ ਵਿਹੜਿਆਂ, ਲੋਕ ਸੱਥਾ ਤੋਂ ਦੂਰ-ਦੂਰ ਅਕਸਰ ਅਜਾਦੀ ਤੋਂ ਬਾਅਦ ਭੱਜਦੇ ਰਹੇ। ਪਰ ਅੱਜ ਸਾਡੇ ਆਲੇ ਦੁਆਲੇ ਪਲ-ਪਲ ਕਿਸੇ ਨਾ ਕਿਸੇ ਤਰ੍ਹਾਂ ਸਾਡੇ ਜਹਿਨ ਵਿੱਚ ਵਧਦੇ ਹਨ ਤੇ ਕਦੇ ਲੋਕ ਸੋਚਦੇ ਹਨ ਕਿ ਚਾਰ ਦਿਨ ਹਨ ਇਹਨਾਂ ਦੇ ਵਾਇਦੇ, ਇਰਾਦੇ, ਇਹਨਾਂ ਦੀਆਂ ਸੌਹਾਂ, ਗਰਾਂਟੀਆਂ, ਉਪਦੇਸ਼, ਭਵਿੱਖ ਮੁਖੀ ਕੀਤੀਆਂ ਸਭ ਬੀਤੇ ਸਮੇਂ ਦੀਆਂ ਯਾਦਾ ਬਣਕੇ ਰਹਿ ਜਾਣਗੀਆਂ?

ਅੱਜ ਇਹਨਾਂ ਨੂੰ ਸਵਾਲ ਪੁੱਛਣ ਵਾਲਾ ਕੋਈ ਨਾ ਹੋਵੇ। ਜੇ ਪੁੱਛ ਲਈਏ ਕਿ ਅਜਾਦੀ ਵੇਲੇ 10 ਲੱਖ ਲੋਕਾਂ ਦਾ ਕਾਤਲ ਕੌਣ ਹੈ ਕੌਣ ਦੋਸ਼ੀ ਹੈ ਕਿਸ ਨੂੰ ਸਜ਼ਾ ਦਿੱਤੀ ਹੈ ਭਾਰਤ ਹੁਣ ਤੱਕ ਕੁਦਰਤ ਦੀਆਂ ਤਮਾਮ ਬਖਸ਼ਾਂ ਦੇ ਬਾਵਜੂਦ ਵਿੱਚ ਖੁਸ਼ਹਾਲ ਦੇਸ਼ ਕਿਉਂ ਨਹੀਂ ਬਣ ਸਕਿਆ। ਭਾਰਤ ਦੇ ਲੋਕਾਂ ਨੂੰ ਇਨਸਾਫ ਦੇਣ ਵਾਲੀ ਸਭ ਤੋਂ ਸਰਵਉੱਚ ਅਦਾਲਤ ਦੇ ਜੱਜਾਂ ਨੂੰ ਖੁਦ ਹੀ ਇਨਸਾਫ ਲੈਣ ਲਈ ਅਦਾਲਤ ਤੋਂ ਬਾਹਰ ਆ ਕੇ ਲੋਕ ਕਚਿਹਰੀ ਵਿੱਚ ਕਿਓ ਆਉਣਾ ਪਿਆ। ਜੇ ਗੱਲ ਕਰੀਏ ਆਪਣੀ ਦੇਸ਼ ਦੀ ਰਾਜਧਾਨੀ ਦੀ ਤਾਂ ਇਨਸਾਫ ਮੰਗ ਕਰਦਾ ਹੈ ਕਿ ਹਜਾਰਾਂ ਲੋਕਾਂ ਨੂੰ 1984 ਵਿੱਚ ਬਿਨਾਂ ਕਿਸੇ ਕਸੂਰ ਦੇ ਕਿਉਂ ਮਾਰਿਆ ਗਿਆ। ਕੀ ਸਮੇਂ ਦੀਆਂ ਸਰਕਾਰਾਂ ਤੇ ਕਾਨੂੰਨੀ ਕਾਰਵਾਈ ਨਹੀਂ ਹੋਣੀ ਬਣਦੀ। ਹਰ ਮਹੀਨੇ ਅਰਬਾਂ ਰੁਪਏ ਸਰਕਾਰੀ ਏਜੰਸੀਆਂ ਨੂੰ ਕਿਸ ਕੰਮ ਲਈ ਦਿੱਤੇ ਜਾਂਦੇ ਹਨ।

ਦੁਨੀਆਂ ਦੇ ਨਕਸ਼ੇ ਤੇ ਜੇਕਰ ਭਾਰਤ ਦੀ ਸਮੁੱਚਤਾ ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਕੁਦਰਤ ਦਾ ਦੇਸ਼ ਤੇ ਮੇਹਰਬਾਨੀ ਹੈ ਪਰ ਸਰਕਾਰਾਂ ਤੇ ਬੇਈਮਾਨ ਅੱਜ ਤੱਕ ਬੇਈਮਾਨ ਸਾਬਤ ਹੋਈਆਂ ਹਨ।

ਗੱਲ ਆਪਣੇ ਪਿਤਰੀ ਰਾਜ ਦੀ ਕਰੀਏ ਤਾਂ ਪੰਜਾਬ ਵਿੱਚ ਸਿੱਖ ਧਰਮ ਦਾ ਪੂਰੀ ਤਰ੍ਹਾਂ ਬੋਲਬਾਲਾ ਹੈ। ਜਿੱਥੇ ਸਰਬੱਤ ਦਾ ਭਲਾ ਹਰ ਰੋਜ ਸਵੇਰੇ-ਸ਼ਾਮ ਮੰਨਿਆ ਜਾਂਦਾ ਹੈ। ਇਤਿਹਾਸ ਦਾ ਸਭ ਤੋਂ ਅਧੁਨਿਕ ਤੇ ਉੱਤਮ ਗ੍ਰੰਥ ਦੀ ਸਿਰਜਣਾ ਇੱਥੇ ਹੋਈ। ਫਿਰ ਬਰਾਬਰਤਾ ਕਿਉਂ ਨਹੀਂ ਹੋਈ।

ਇਸ ਦਾ ਸਹੀ ਉੱਤਰ ਦਾ ਲੰਮੇ ਵਿਸਥਾਰ ਦੀ ਮੰਗ ਕਰਦਾ ਹੈ। ਪੰਜਾਬ ਨੂੰ ਡੋਬਿਆ ਵੀ ਆਪਣਿਆਂ ਨੇ ਹੈ ਤੇ ਤਾਰਨਾ ਵੀ ਆਪਣਿਆਂ ਨੇ ਹੈ। ਸਾਡੇ ਲੀਡਰਾਂ ਨੂੰ ਪੰਜਾਬ ਤੇ ਪੰਜਾਬ ਪੱਖੀ ਸੱਚਮੁੱਚ ਸਟੈਂਡ ਲੈਣ ਦੀ ਲੋੜ ਹੈ ਨਹੀਂ ਤਾਂ ਜੋ ਲੀਡਰਾਂ ਦਾ ਹਾਲ ਲੋਕਾਂ ਵਲੋਂ ਹੁਣ ਤੱਕ ਮਹਿਸੂਸ ਕੀਤਾ ਗਿਆ ਹੈ ਤੇ ਅੱਜ ਚੋਣਾਂ ਵੇਲੇ ਹੈ ਉਹ ਕਿਸੇ ਚਾਇਨਾ ਦੇ ਮਾਲ ਵਾਂਗ ਹੀ ਅਜੇ ਤੱਕ ਸਾਬਤ ਹੋਇਆ ਹੈ।

ਪੰਜਾਬ ਦੇ ਲੀਡਰਾਂ ਨੂੰ ਸਨਿਮਰ ਸਹਿਤ ਅਪੀਲ ਹੈ ਕਿ ਅਸੀਂ ਸਾਰੇ ਭਾਰਤ ਵਾਸੀ ਹਾਂ, ਨਾਗਰਿਕ ਹਾਂ। ਹਜਾਰਾਂ ਸਾਲਾਂ ਤੋਂ ਪਏ ਪਾੜੇ/ਵਿਖਰੇਵੇ ਦੂਰ ਕਰਨ ਲਈ ਉੱਪਰੋ ਕਿਸੇ ਨੇ ਨਹੀਂ ਆਉਣਾ ਸਾਨੂੰ ਸੱਚਮੁੱਚ ਆਪਣੇ ਆਪ ਨੂੰ ਖੁਦਾ ਦੇ ਸਾਹਮਣੇ ਹੀ ਰੱਖਕੇ ਰਾਜਨੀਤੀ, ਫੈਸਲੇ ਕਰਨੇ ਪੈਣੇ ਹਨ। ਯਾਦ ਰੱਖਿਓ ਭਾਰਤ ਦਾ ਇਤਿਹਾਸ ਦੱਸਦਾ ਹੈ ਕਿ ਭਾਰਤ ਦੁਨੀਆਂ ਦਾ ਇਕ ਖੁਸ਼ਹਾਲ ਦੇਸ਼, ਸਥਾਪਤ ਦੇਸ਼ ਤੇ ਤਰਕਮਈ ਸੀ। ਆਪਣਿਆਂ ਨੇ ਬੇਗਾਨਿਆਂ ਨਾਲ ਮਿਲਕੇ ਦੇਸ਼ ਲੀਰੋ ਲੀਰ ਕੀਤਾ। ਅੱਜ ਵੀ ਜੇਕਰ ਹਕੂਮਤ ਨੇ ਸਬਕ ਨਾ ਸਿੱਖਿਆ ਕਿ ਪੰਜਾਬੀਆਂ ਨੇ ਦਿੱਲੀ ਕਿੰਨੀ ਵਾਰੀ ਜਿੱਤੀ, ਯਾਦ ਰ ੱਖਣ ਯੋਗ ਗੱਲਾਂ ਹਨ। ਵਰਤਮਾਨ 'ਚ ਬੀਤੇ ਸਾਲ ਚੱਲੇ ਲੰਮੇ ਸੰਘਰਸ਼ ਨੂੰ ਕਦੇ ਨਾ ਭੁਲਿਓ ਤੇ ਪਰ ਪੰਜਾਬੀਆਂ ਦੁਆਰਾ ਸ਼ੁਰੂ ਕੀਤੇ ਸੰਘਰਸ਼ੀ ਅਗਾਜ ਨੇ ਸਮੁੱਚੇ ਭਾਰਤ ਨੂੰ ਹੱਕ-ਸੱਚ, ਤਰਕ - ਦਲੀਲ ਤੇ ਜੁਲਮ ਖਿਲਾਫ ਲੜਨ ਦੀ ਰਿਵਾਇਤ ਨੂੰ 21ਵੀਂ ਸਦੀ ਦੇ 22ਵੇਂ ਸਾਲ ਤੱਕ ਜਾਰੀ ਰੱਖਿਆ, ਦੁਨੀਆਂ ਮੰਨਦੀ ਹੈ ਕਿ ਮਹਾਨ ਗੁਰੂ- ਸੰਤਾਂ, ਯੋਧਿਆਂ ਦੇ ਵਾਰਸ ਅਜੇ ਜਾਗਦੇ ਹਨ। ਜਿੰਦਾ ਮਿਸਾਲ ਸਾਹਮਣੇ ਹੈ।

ਚੋਣਾਂ/ਵੋਟਾਂ ਵੇਲੇ ਵੋਟਰਾਂ ਤੇ ਲੋਕਾਂ ਦਾ ਵੀ ਫਰਜ ਬਣਦਾ ਹੈ ਕਿ ਸੰਘਰਸ਼ਾਂ ਵਿੱਚ ਅਕਸਰ ਬਹੁਤ ਨੁਕਸਾਨ ਹੁੰਦਾ ਹੈ। ਸਾਨੂੰ ਸਾਡੇ ਮਹਾਨ ਤਥਾਗਤ ਬੁੱਧ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦੀ ਮਹਾਨ ਸੋਚ ਤੇ ਪਹਿਰਾ ਦਿੰਦੇ ਹੋਏ ਫੈਸਲਾ ਲੈਣ 'ਚ ਰਤਾ ਵੀ ਕੁਤਾਹੀ ਨਹੀਂ ਕਰਨੀ ਹੋਵੇਗੀ ਨਹੀਂ ਤਾਂ ਫਿਰ ਧਰਨੇ-ਪ੍ਰਦਰਸ਼ਨ ਹਰ ਵਾਰ ਲਗਾਉਣੇ ਸਾਡੀ ਸੋਚ ਤੇ ਹੀ ਵੱਡਾ ਸਵਾਲ। ਸਾਨੂੰ ਇਸ ਵਾਰ ਪਹਿਲਾ ਨਾਲੋਂ ਵੀ ਵੱਧ ਸੁਚੇਤ ਹੋ ਕੇ ਆਪਣਾ ਵੋਟ ਪੰਜਾਬ ਪੱਖੀ, ਪੰਜਾਬ ਦੇ ਸਮੁੱਚੇ ਭਾਈਚਾਰੇ ਨੂੰ ਮਜਬੂਤੀ ਵੱਲ ਲਿਜਾਉਣ ਵਾਲਾ ਹੋਵੇਗਾ।

ਅਖੀਰ ਵਿੱਚ ਗੱਲ ਰਾਜਨੀਤੀ ਦੀ ਗੱਲ ਹੋ ਰਹੀ ਹੈ ਤਾਂ ਸਾਨੂੰ ਸਾਡੇ ਲੀਡਰਾਂ ਵਿੱਚ ਇੱਕ ਕਾਂਸ਼ੀ ਰਾਮ ਵਰਗੇ ਸੂਰਮੇ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਜਿਸ ਨੇ ਸਮਾਜ ਦੀ ਤਰੱਕੀ, ਬੇ-ਹਤਰੀ, ਖੁਸ਼ਹਾਲੀ, ਬਰਾਬਰਤਾ ਲਈ ਵਿਆਹ ਨਹੀਂ ਕਰਵ-ਾਇਆ, ਇੱਕ ਇੰਚ ਜਮੀਨ ਨਹੀਂ ਬਣਾਈ, ਕੋਈ ਬੈਂਕ ਬਕਾਇਆ ਪਿੱਛੇ ਨਹੀਂ ਛੱਡਕੇ ਗਿਆ। ਅਜਿਹੇ ਆਗੂ ਭਲਾ ਕਿੱਥੇ ਹਨ ਜੋ ਸਮਾਜ ਦੇਸ਼ ਲਈ ਆਪਾ ਵਾਰਨ ਵਾਲੇ ਹੋਣ।

ਆਓ ਨਿਰਾਸ਼ਤਾ, ਸਵਾਲਾਂ ਦਰ ਸਵਾਲਾਂ ਨੂੰ ਕੁਝ ਪਲ ਲਈ ਵਿਰਾਮ ਦੇ ਕੇ ਪੰਜਾਬ ਦੇ ਸਰਵਪੱਖੀ ਭਲੇ ਲਈ, ਪੰਜਾਬ ਲਈ ਆਪੋ ਆਪਣੇ ਹਲਕੇ ਲਈ ਵਿਧਾਇਕ ਚੁਣਨ ਲਈ 20 ਫਰਵਰੀ ਨੂੰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਆਪਣੇ ਦਿਲ-ਮਨ ਤੇ ਆਪਣੀ ਮੱਤ ਦਾ ਦਾਨ ਕਰੀਏ ਤਾਂ ਜੋ ਆਪਣੀ ਬਣਨ ਵਾਲੀ ਸਰਕਾਰ 'ਚ ਭਾਈਵਾਲ ਬਣੀਏ।

ਇੱਕ ਪੰਜਾਬੀ ਪ੍ਰਸਿੱਧ ਗੀਤ ਵਾਂਗ ਗਲੀ ਗਲੀ ਵਣਜਾਰਾ ਫਿਰਦੋ ਵਾਂਗ ਅੱਜ ਸਾਰੇ ਬਣਨ ਵਾਲੇ ਆਗੂ ਤੁਹਾਨੂੰ ਮਿਲ ਰਹੇ ਹਨ, ਸਾਰੇ 20 ਮਾਰਚ ਤੋਂ ਬਾਅਦ ਵੀ ਮਿਲਦੇ ਰਹਿਣ × ਅਜਿਹੇ ਸਾਨੂੰ ਸਥਾਨਕ ਆਗੂਆਂ ਤੇ ਪਾਰਟੀਆਂ ਦੀ ਲੋੜ ਹੈ। ਉਹ ਨੇਤਾ ਕੌਣ ਹੋ ਸਕਦਾ ਤੇ ਕਿਹੜੀ ਪਾਰਟੀ ਹੋ ਸਕਦੀ, ਸਾਨੂੰ ਸਭ ਨੂੰ ਅੰਤਰ-ਝਾਤ ਮਾਰਨ ਲਈ ਮੌਕੇ ਨੂੰ ਸਹੀ ਅਮਲ ਵਿੱਚ ਲਿਆਕੇ ਲੋਕਤੰਤਰ ਦੀ ਖੂਬਸੂਰਤੀ ਨੂੰ ਚਾਰ ਚੰਦ ਲਗਾਉਣ ਲਈ ਆਪੋ ਆਪਣੇ ਫਰਜ ਪਹਿਚਾਨਣ ਦੀ ਲੋੜ ਹੈ। ਜਿਵੇ ਕਹਿੰਦੇ ਹਨ ਕਿ ਜੰਗ ਤੇ ਪਿਆਰ ਵਿੱਚ ਸਭ ਕੁਝ ਸੰਭਵ ਹੈ ਉਸੇ ਤਰ੍ਹਾਂ ਮੌਜੂਦਾ ਸਿਆਸਤ ਵਿੱਚ ਜਿਸ ਤਰ੍ਹਾਂ ਦੀ ਗਿਰਾਵਟ ਟਿੱਪਣੀਆ ਤੇ ਇੱਕ ਦੂਜੇ ਪ੍ਰਤੀ ਦੋਸ਼ ਪ੍ਰਤੀ ਦੋਸ਼, ਮੇਹਣੋ-ਮਿਹਣੀ ਹੋਇਆ ਜਾ ਰਿਹਾ ਹੈ ਉਸ ਤਰ੍ਹਾਂ ਸਾਨੂੰ ਸਭ ਨੂੰ ਸੁਚੇਤ ਹੋ ਕੇ ਵੋਟ ਪਾਉਣ ਚ ਵਧ ਚੜ੍ਹੇ ਕੇ ਹਿੱਸਾ ਲੈਣ ਦੀ ਲੋੜ ਹੈ।

KARAN SUPER SPECIALITY HOSPITAL & AESTHETIC CENTER
WE CARE ABOUT YOUR HEALTH
KH

KARAN
SUPER SPECIALITY HOSPITAL &
AESTHETIC CENTRE




DR.BAKSHISH SINGH
M.B.B.S.,MS.,EX.PCMS
CONSULTANT SURGEON

DR.KARAN BAKSHISH SINGH
M.S,M.CH
PLASTIC & COSMETIC SURGEON

Near Bus Stand, Heon Road Banga, Sbs Nagar Ph: +91-8427458700
For More Information Contact Kuldeep Singh:+91-9876126996




KARAN
SUPER SPECIALITY HOSPITAL & AESTHETIC CENTRE

INDOOR FACILITIES AVIALABLE
- Deliveries-Normal L.S.C.S
- Govt. Recognised Abortion centre
- Ultra Sound Scanning
- Laproscopic Surgery & T.U.R.P
- URS, Lap Cholecystectomy
- Ortho Pedic Surgery

LASER SURGERY FOR
- Varcose Veins
- Haemorrhoids (Piles)
- Pilonidal Sinus
- Anal Fistula & Fissures
- Hypospadias & AV Fistula Under PLastic Surgery
- Ambulace

प्रधानमंत्री जन आरोग्य योजना PM-JAY
ਆਯੁਸ਼ਮਾਨ ਭਾਰਤ
ਕੈਸ਼ਲੈਸ / ਮੁਫਤ ਆਪ੍ਰੇਸ਼ਨ
ਸਰਬੱਤ ਸਿਹਤ ਬੀਮਾ ਯੋਜਨਾ ਅਧੀਨ ਕਰਨ ਹਸਪਤਾਲ ਅਤੇ ਮੈਟਰਨਿਟੀ ਹੋਮ ਵਿਚ ਲਿਖੀਆਂ ਸੁਵਿਧਾਵਾਂ ਉਪਲੱਬਧ ਹਨ:-
1. जलरल सरजरी ( GENERAL SURGERY ) 2. ਯੂਰੋਲੋਜੀ ( UROLOGY ) 3.ਪਲਾਸਟਿਕ ਸਰਜਰੀ ( PLASTIC SURGERY )
ਦੂਰਬੀਨ ਰਾਹੀਂ ਗਾਲ ਬਲੈਡਰ ਅਪੈਂਡਿਕਸ, ਹਰਨੀਆਂ, ਬਵਾਸੀਰ ਦੇ ਆਪ੍ਰੇਸ਼ਨ ਕਰਵਾ ਸਕਦੇ ਹੋ ।

Dr. Bakshish Singh
M.B.B.S.,M.S.
(General Surgery) Ex. P.C.M.S.
CONSUKTANT SURGEION
PMC No. 21447

Dr. Balvir Kaur
M.B.B.S.,Ex. P.C.M.S.
PMC No. 22064

Dr. Karan Bakshish Singh
Ms., M.Ch. (Plastic & Cosmetic Surgery
DMC Hospital Ludhiana
M.Ch, Plastic Surgery
PMC No. 52541

Dr. Neha Bhatia
M.B.B.S. DA, IDCCM
Intersivist N Critical Care Expert
M.ch, Plastic Surgery
PMC No. 39851


Dr. Atul Mittal
M.Ch. Urology
PMC No. 25983

NEAR BUS STAND, HEON ROAD, BANGA CALL: 84274-58700, 98761-26996

# ਮਾਨਵਤਾ ਦੇ ਰਾਹ ਦਸੇਰਾ-- ਗੁਰੂ ਰਵਿਦਾਸ

ਸੰਸਾਰ ਵਿੱਚ ਹੁਣ ਤੱਕ ਪ੍ਰਗਟ ਹੋਈਆਂ ਸਖਸ਼ੀਅਤਾਂ ਵਿਚੋਂ ਗੁਰੂ ਰਵਿਦਾਸ ਕਾਦਰ ਦੀ ਕੁਦਰਤ ਦਾ ਉੱਤਮ ਨਮੂਨਾ ਹੈ। ਜਾਂ ਇਉਂ ਕਹੋ ਕਿ ਉਹ ਇਕ ਐਸਾ ਗਿਆਨ ਦੀਪ ਸੀ ਜਿਸ ਨੇ ਜਿੰਦਗੀ ਦੀ ਸੱਜਰੀ ਪ੍ਰਭਾਤ ਇਸ ਧਰਤੀ 'ਤੇ ਲਿਆਂਦੀ। ਜਿਸ ਸਦਕਾ ਸਦੀਆਂ ਤੋਂ ਪਸਰੀ ਅਗਿਆਨਤਾ ਤੇ ਹਨੇਰੇ ਦੇ ਧੁੰਦ ਗੁਬਾਰ ਵਿਚੋਂ ਨਿਕਲਣ ਲਈ ਮਾਨਵਤਾ ਨੂੰ ਪ੍ਰਕਾਸ਼ ਪ੍ਰਾਪਤ ਹੋਇਆ। ਉਹ ਅਖੌਤੀ ਸ਼ੂਦਰਾਂ ਅਥਵਾ ਅਛੂਤਾਂ ਦੇ ਵਿਹੜਿਆਂ ਵਿਚ ਪ੍ਰਜਵਲਤ ਹੋਈ ਉਹ ਜੋਤ ਸੀ ਜਿਸ ਦੀ ਚਮਕ ਦਮਕ ਬ੍ਰਾਹਮਣੀ ਵਿਦਵਤਾ ਦੀਆਂ ਸਾਜਿਸ਼ਾਂ ਰਾਂਹੀ ਧੁੰਦਲਾ ਗਏ ਭੂਤਕਾਲ ਦੇ ਬਾਵਜੂਦ ਵੀ ਰੋਕੀ ਨਹੀਂ ਜਾ ਸਕੀ। ਹਨੇਰਗਰਦੀ ਦੇ ਯੁੱਗ ਵਿੱਚ ਅਛੂਤਾਂ ਦੀਆਂ ਕੁੱਲੀਆਂ ਵਿਚੋਂ ਮਾਂ ਕਲਸਾਂ ਦੀ ਕੁੱਖੋਂ ਪਿਤਾ ਸੰਤੋਖ ਦੇ ਘਰ ਮਾਘ ਦੀ ਪੂਰਨਮਾਸ਼ੀ ਸੰਮਤ 1470 ਬਿਕਰਮੀ ਅਰਥਾਤ 1413 ਈਸਵੀ ਨੂੰ ਬਨਾਰਸ ਦੇ ਨਜ਼ਦੀਕ ਸੀਰ- ਗੋਵਰਦਨਪੁਰਾ ਵਿਖੇ ਹੋਇਆ ਮੰਨਿਆ ਜਾਂਦਾ ਹੈ। ਇਤਿਹਾਸ ਗਵਾਹ ਹੈ ਕਿ ਆਪ ਨੇ ਬਚਪਨ ਵਿੱਚ ਹੀ ਮਨੂਸਿਮਰਤੀ ਦੇ ਕਾਲੇ ਕਾਨੂੰਨਾਂ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਆਪ ਨੇ ਮਾਨਵਵਾਦੀ ਵਿਚਾਰਾਂ ਦੇ ਮੁਦੱਈ ਸੰਤ ਰਾਮਾਨੰਦ ਦੀ ਮਦਦ ਤੇ ਅਗਵਾਈ ਨਾਲ ਚੋਖੀ ਵਿਦਿਆ ਗ੍ਰਹਿਣ ਕਰ ਲਈ। ਉਹਨਾਂ ਨੇ ਅਛੂਤ ਗੱਭਰੂਆਂ ਨੂੰ ਇਕੱਠਾ ਕਰਕੇ ਸਮਾਜਿਕ ਨਾ ਬਰਾਬਰੀ, ਜਬਰ ਜ਼ੁਲਮ, ਜਾਤ-ਪਾਤ, ਛੂਤ- ਛਾਤ ਤੇ ਵਰਣ- ਵਿਵਸਥਾ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ ਅਤੇ ਬ੍ਰਾਹਮਣਵਾਦ ਤੇ ਬ੍ਰਾਹਮਣ ਦੇ ਭਰਮ ਜਾਲ ਦਾ ਭਾਂਡਾ ਭੰਨਣਾ ਸ਼ੁਰੂ ਕਰ ਦਿੱਤਾ। ਸ਼ੂਦਰਾਂ ਤੇ ਅਤਿ-ਸ਼ੂਦਰਾਂ ਵਿਰੁੱਧ ਮਨੂਸਿਮਰਤੀ ਤੇ ਹੋਰ ਧਾਰਮਿਕ ਗ੍ਰੰਥਾਂ ਦੁਆਰਾ ਲਾਈਆਂ ਗਈਆਂ ਪਾਬੰਦੀਆਂ ਵਿਰੁੱਧ ਜੋਰਦਾਰ ਬਗਾਵਤ ਦਾ ਬਿਗਲ ਵਜਾ ਦਿੱਤਾ। ਆਪ ਨੇ ਸ਼ੂਦਰਾਂ ਲਈ ਮਨਾਹੀ ਵਾਲੇ ਕੰਮ ਸ਼ੁਰੂ ਕਰਕੇ ਬ੍ਰਾਹਮਣ ਅਤੇ ਉਸਦੇ ਧਾਰਮਿਕ ਗ੍ਰੰਥਾਂ ਦੀ ਅਥਾਰਟੀ ਨੂੰ ਚੁਣੌਤੀ ਦਿੱਤੀ, ਜਿਵੇਂ ਸੰਖ ਵਜਾਉਣਾ, ਪਾਠ ਪੂਜਾ ਕਰਨਾ, ਜਨੇਊ ਪਹਿਨਣਾ, ਵਿਦਿਆ ਗ੍ਰਹਿਣ ਕਰਨਾ, ਧਾਰਮਿਕ ਉਪਦੇਸ਼ ਦੇਣਾ ਆਦਿ। ਬ੍ਰਾਹਮਣ ਨੇ ਸੋਚਿਆ ਕਿ ਜੇ ਇਸ ਤਰ੍ਹਾਂ ਇਕ ਇਕ ਕਰਕੇ ਸ਼ੂਦਰ ਹੱਥੋਂ ਨਿਕਲ ਗਏ ਤਾਂ ਉਸਦੀ ਸਰਦਾਰੀ ਕਿਵੇਂ ਕਾਇਮ ਰਹੇਗੀ। ਇਸ ਲਈ ਉਹ ਗੁਰੂ ਰਵਿਦਾਸ ਦੀਆਂ ਇਹ ਵਿਦਰੋਹੀ ਹਰਕਤਾਂ ਦੇਖ ਕੇ ਅੱਗ ਬਬੂਲਾ ਹੋ ਉੱਠੇ। ਜਾਤ ਅਭਿਮਾਨੀ ਬ੍ਰਾਹਮਣਾਂ ਦਾ ਹੰਕਾਰ ਤੋੜਨ ਲਈ ਉਹਨਾਂ ਨੇ ਅਛੂਤ ਨੌਜਵਾਨਾਂ ਨੂੰ ਇਕੱਠੇ ਕਰਕੇ ਬਨਾਰਸ ਦੇ ਬਾਜ਼ਾਰਾਂ ਵਿਚ ਜਲੂਸ ਕੱਢ ਦਿੱਤਾ। ਜਦੋਂ ਕਿ ਆਮ ਰਸਤੇ 'ਤੇ ਚੱਲਣ ਦੀ ਵੀ ਅਛੂਤਾਂ ਲਈ ਮਨਾਹੀ ਸੀ। ਆਪ ਵੱਲੋਂ ਕੀਤਾ ਗਿਆ ਇਹ ਬਾਗੀਆਨਾਂ ਤੇ ਮੁਜ਼ਰਮਾਨਾਂ ਕੰਮ ਬ੍ਰਾਹਮਣਾਂ ਦੇ ਬਰਦਾਸ਼ਤ ਤੋਂ ਬਾਹਰ ਦੀ ਗੱਲ ਸੀ। ਉਹਨਾਂ ਨੇ ਹਰ ਹਰਬਾ ਵਰਤ ਕੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਪਰ ਆਪ ਦੀ ਤਰਕਸ਼ੀਲ ਵਿਚਾਰਧਾਰਾ ਸਾਹਮਣੇ ਉਹ ਅੜ ਨਾ ਸਕੇ। ਕੋਈ ਧਮਕੀ, ਕੋਈ ਡਰਾਵਾ ਉਹਨਾਂ ਤੇ ਅਸਰ ਨਾ ਪਾ ਸਕਿਆ। ਸੱਚ ਦੇ ਪੰਧਾਊ ਸੰਤ ਰਵਿਦਾਸ ਜੀ ਨੂੰ ਕੋਈ ਲਾਲਚ ਪੋਹ ਨਾ ਸਕਿਆ। ਜਦੋਂ ਹੈਂਕੜ ਬਾਜ਼ ਤੇ ਜਾਤ ਅਭਿਮਾਨੀ ਬ੍ਰਾਹਮਣਾਂ ਦੀ ਕੋਈ ਪੇਸ਼ ਨਾ ਗਈ ਤਾਂ ਉਨ੍ਹਾਂ ਨੇ ਸਮੇਂ ਦੇ ਹਾਕਮ ਨਾਗਰ ਮੱਲ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਪੇਸ਼ੀ ਸਮੇਂ ਰਾਜਾ ਗੁਰੂ ਜੀ ਦੀਆਂ ਅਕੱਟ ਦਲੀਲਾਂ ਤੇ ਮਾਨਵੀ ਵਿਚਾਰਾਂ ਨੂੰ ਸੁਣਕੇ ਸਗੋਂ ਉਨ੍ਹਾਂ ਦਾ ਮੁਰੀਦ ਬਣ ਗਿਆ। ਹਰ ਥਾਂ ਬ੍ਰਾਹਮਣਾਂ ਨੂੰ ਮੂੰਹ ਦੀ ਖਾਣੀ ਪਈ। ਸਦੀਆਂ ਪਹਿਲਾਂ ਜਦੋਂ ਬ੍ਰਾਹਮਣ ਦਾ ਮਾਮੂਲੀ ਸ਼ਬਦ ਵੀ ਇਲਾਹੀ ਹੁਕਮ ਦੀ ਹੈਸੀਅਤ ਰੱਖਦਾ ਹੋਵੇ, ਉਸ ਸਮੇਂ ਉਨ੍ਹਾਂ ਵੱਲੋਂ ਬ੍ਰਾਹਮਣਵਾਦ ਵਿਰੁੱਧ ਬਗਾਵਤ ਦਾ ਝੰਡਾ ਚੁੱਕਣਾ ਕੋਈ ਸਧਾਰਨ ਕਾਰਜ ਨਹੀਂ ਸੀ ਸਗੋਂ ਇਕ ਵੱਡਾ ਕ੍ਰਾਂਤੀਕਾਰੀ ਕਦਮ ਸੀ।

ਆਪ ਨੇ ਆਪਣੇ ਲੰਮੇ ਸੰਘਰਸ਼ਮਈ ਜੀਵਨ ਦੌਰਾਨ ਕਿੱਧਰੇ ਅਖੌਤੀ ਨੀਚ ਜਾਤ ਵਿਚ ਪੈਦਾ ਹੋਣ ਦਾ ਗਿਲਾ ਸ਼ਿਕਵਾ ਨਹੀਂ ਕੀਤਾ, ਆਪਣੇ ਆਪ ਨੂੰ ਕਦੇ ਘਟੀਆ ਜਾ ਨੀਚ ਨਹੀਂ ਸਮਝਿਆ ਸਗੋਂ ਦ੍ਰਿੜ ਵਿਸ਼ਵਾਸ ਨਾਲ "ਚਮਾਰ" ਹੋਣ 'ਤੇ ਮਾਣ ਮਹਿਸੂਸ ਕੀਤਾ। ਆਪ ਨੇ ਸੰਘਰਸ਼ ਰਾਂਹੀ ਸਵੈਮਾਨ, ਇੱਜ਼ਤ ਤੇ ਏਨੀ ਸ਼ੋਹਰਤ ਪ੍ਰਾਪਤ ਕਰ ਲਈ ਕਿ ਮੁਖੀ ਬ੍ਰਾਹਮਣਾਂ ਨੂੰ ਵੀ ਡੰਡੌਤ ਕਰਕੇ ਉਨ੍ਹਾਂ ਦੇ ਚਰਨ ਪਰਸਨ ਲਈ ਮਜ਼ਬੂਰ ਹੋਣਾ ਪਿਆ। ਆਪ ਦੀਆਂ ਠੋਸ ਦਲੀਲਾਂ ਤੇ ਇਨਸਾਨੀਅਤ ਪੱਖੀ ਵਿਚਾਰਧਾਰਾ ਸਾਹਮਣੇ ਨਾ ਸਿਰਫ ਵਿਦਵਾਨ ਤੇ ਪ੍ਰਮੁੱਖ ਬ੍ਰਾਹਮਣਾਂ ਨੂੰ ਹੀ ਝੁਕਣਾ ਪਿਆ ਬਲਕਿ ਸਮੇਂ ਦੇ ਹਾਕਮ ਰਾਜਾ ਰਤਨ ਸਿੰਘ, ਰਾਣਾ ਹੁੰਮਾ, ਭਾਨਮਤੀ, ਕਰਮਾਂ ਬਾਈ, ਜੋਗ ਵਤੀ, ਸਾਵਿਤਰੀ ਦੇਵੀ ਰਾਜਾ ਪਰਮ ਹੰਸ, ਰਾਜਾ ਪੀਪਾ,,ਰਾਜਾ ਸਿਕੰਦਰ ਲੋਧੀ ਮਹਾਰਾਣਾ ਸੰਗਰਾਮ, ਰਾਜਾ ਨਾਗਰ ਮੱਲ, ਕਵਿੱਤਰੀ ਸ਼ਾਹਜਾਦੀ ਮੀਰਾਂ, ਚਿਤੌੜ ਦੀ ਰਾਣੀ ਝਾਲਾਂ ਬਾਈ ਤੇ ਹੋਰ ਮੁੱਖੀ ਲੋਕਾਂ ਨੂੰ ਵੀ ਉਹਨਾਂ ਦੇ ਵਡਮੁੱਲੇ ਵਿਚਾਰਾਂ ਦਾ ਸਿੱਕਾ ਮੰਨਣਾ ਪਿਆ। ਸਗੋਂ ਉਹ ਉਹਨਾਂ ਦੀ ਵਿਚਾਰਧਾਰਾ ਦੇ ਮੁਦੱਈ ਤੇ ਪ੍ਰਚਾਰਕ ਹੋਣ ਵਿੱਚ ਮਾਣ ਮਹਿਸੂਸ ਕਰਨ ਲੱਗੇ। ਏਨੀ ਇੱਜ਼ਤ, ਮਾਣ, ਵਡਿਆਈ, ਪਦਵੀ ਤੇ ਸ਼ੋਹਰਤ ਹਾਸਲ ਕਰਨ ਦੇ ਬਾਵਜੂਦ




ਵੀ ਆਪ ਨੇ ਕਦੀ ਆਪਣੀ ਜਾਤ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਨਾ ਹੀ ਜਾਤ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਹੋਏ। ਸਗੋਂ ਉਨ੍ਹਾਂ ਨੇ ਡੰਕੇ ਦੀ ਚੋਟ ਤੇ " ਮੇਰੀ ਜਾਤ ਕੁਟਬਾਂਢਲਾ ਢੋਰ ਢੋਵੰਤਾ" , "ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚਮਾਰੰ " ਅਤੇ "ਕਹਿ ਰਵਿਦਾਸ ਚਮਾਰਾ" ਕਿਹਾ। ਆਪ ਨੇ ਬ੍ਰਾਹਮਣਵਾਦ ਦੇ ਆਧਾਰ 'ਤੇ ਜਨਮ ਤੋਂ ਹੀ ਜਾਤ- ਪਾਤ ਤੇ ਊਚ- ਨੀਚ ਨੂੰ ਪ੍ਰਵਾਨ ਨਹੀਂ ਕੀਤਾ। ਆਪ ਦੀ ਮਾਨਵਵਾਦੀ ਸੋਚ ਅਨੁਸਾਰ ਕੋਈ ਮਨੁੱਖ ਭਾਵੇਂ ਅਖੌਤੀ ਸ੍ਰੇਸ਼ਟ ਕੁਲ ਵਿਚ ਪੈਦਾ ਹੋਇਆ ਹੋਵੇ ਤੇ ਸ਼ਾਸਤਰਾਂ ਦੇ ਦਰਸਾਏ ਅਨੁਸਾਰ ਕਰਮ ਧਰਮ ਵੀ ਕਰਦਾ ਹੋਵੇ ਪਰ ਜੇ ਉਹ ਪ੍ਰਭੂ ਦੀ ਪ੍ਰੇਮਾ ਭਗਤੀ ਤੇ ਮਾਨਵ ਪਿਆਰ ਦੀ ਕਥਾ ਦਾ ਹਾਮੀ ਨਹੀਂ ਤਾਂ ਅਜਿਹਾ ਵਿਅਕਤੀ ਸੁਪਚ ਭਾਵ ਸੱਭ ਤੋਂ ਨੀਚ ਲੋਕਾਂ ਦੇ ਬਰਾਬਰ ਹੈ --

ਖਟ ਕਰਮ ਕੁਲ ਸੰਜੁਗਤੁ ਹੈ
ਹਰਿ ਭਗਤਿ ਹਿਰਦੇ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ
ਸੁਪਚ ਤੁਲਿ ਸਮਾਨਿ॥੧॥

ਆਪ ਨੇ ਸਮਾਜ ਅਤੇ ਮਨੁੱਖਤਾ ਦੇ ਭਲੇ ਲਈ ਜੋ ਆਵਾਜ਼ ਬੁਲੰਦ ਕੀਤੀ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ 16 ਰਾਗਾਂ ਵਿਚਲੇ 40 ਸ਼ਬਦਾਂ ਵਿੱਚ ਸਾਡੇ ਪਾਸ ਸੁਰੱਖਿਅਤ ਹੈ। ਜਿਸ ਵਿੱਚ ਆਪ ਨੇ ਕਰਮਕਾਂਡਾਂ ਨੂੰ ਨੰਗਿਆਂ ਕੀਤਾ, ਬ੍ਰਾਹਮਣ ਦੀ ਉੱਚਤਾ ਨੂੰ ਵੰਗਾਰਿਆ, ਜਾਤ- ਪਾਤ, ਛੂਤ- ਛਾਤ ਦੀ ਨਿਖੇਧੀ ਕੀਤੀ। ਅਵਤਾਰਵਾਦ, ਬੁੱਤਪ੍ਰਸਤੀ, ਮੂਰਤੀ ਪੂਜਾ ਅਤੇ ਦੇਵੀ ਦੇਵਤਿਆਂ ਦੀ ਪੂਜਾ ਦਾ ਖੰਡਨ ਕਰਕੇ ਇਕ ਪ੍ਰਮਾਤਮਾ ਦੀ ਉਪਾਸ਼ਨਾ ਦਾ ਉਪਦੇਸ਼ ਦਿੱਤਾ ਹੈ। ਆਪ ਦੀ ਮਨੋਹਰ, ਅਨੂਪਮ ਤੇ ਕਲਿਆਣਕਾਰੀ ਬਾਣੀ ਸਦੀਆਂ ਤੋਂ ਛੇਕੇ ਤੇ ਤ੍ਰਿਸਕਾਰੇ, ਧਾਰਮਕ ਨੁਕਤਾ-ਨਜ਼ਰ ਤੋਂ ਅਛੂਤ ਤੇ ਅਪਵਿੱਤਰ ਗਰਦਾਨੇ, ਸਮਾਜਿਕ ਦ੍ਰਿਸ਼ਟੀ ਤੋਂ ਅਣਗੌਲੇ ਤੇ ਅਪ੍ਰਵਾਨੇ, ਆਰਥਕ ਦ੍ਰਿਸ਼ਟੀਕੋਣ ਤੋਂ ਲੁੱਟ ਖਸੁੱਟ ਦਾ ਸ਼ਿਕਾਰ, ਸਾਧਨਹੀਣ ਤੇ ਲਾਚਾਰ ਅਤੇ ਰਾਜਸੀ ਨਜ਼ਰੀਏ ਤੋਂ ਲਤਾੜੇ ਤੇ ਧ੍ਰਿਕਾਰੇ ਹੋਏ ਕਰੋੜਾਂ ਲੋਕਾਂ ਨੂੰ ਸਵੈਮਾਨ , ਅਣਖ ਤੇ ਇੱਜ਼ਤ ਨਾਲ ਸਿਰ ਚੁੱਕ ਕੇ ਤੁਰਨ ਲਈ ਉਤਸ਼ਾਹ ਤੇ ਉੱਦਮ ਪੈਦਾ ਕਰਦੀ ਹੈ।

ਮਨੁੱਖੀ ਜੀਵਨ ਦੇ ਮੂਲ ਮਨੋਰਥ ਆਤਮਿਕ ਸ਼ਾਂਤੀ, ਆਜ਼ਾਦੀ, ਭਾਈਚਾਰਾ, ਸਮਤਾ, ਸਮਾਨਤਾ ਤੇ ਸਵੈਮਾਣ ਦੀ ਪ੍ਰਾਪਤੀ ਲਈ ਉਮਾਹ ਪੈਦਾ ਕਰਦੀ ਹੈ।

ਆਪ ਨੇ ਗੁਲਾਮ ਹੋ ਚੁੱਕੇ ਸ਼ੂਦਰ ਸਮਾਜ ਦੇ ਪਿਛੋਕੜ ਬਾਰੇ ਸੰਕੇਤਕ ਭਾਸ਼ਾ ਰਾਹੀਂ " ਅਛਤ ਰਾਜ ਬਿਸਤਰ ਦੁਖ ਪਾਇਆ " ਕਹਿ ਕੇ ਸੁਚੇਤ ਤੇ ਜਾਗਰਤ ਕੀਤਾ ਹੈ ਤੇ ਸਾਰੇ ਦੁੱਖਾਂ ਦਾ ਕਾਰਨ ਰਾਜਸੀ ਸ਼ਕਤੀ ਦੀ ਅਣਹੋਂਦ ਦੱਸਿਆ ਹੈ। ਆਪ ਨੇ ਸਦੀਆਂ ਤੋਂ ਗੁਲਾਮ ਭਾਰਤੀਆਂ ਦੇ ਮਨਾਂ ਵਿੱਚ ਅਜਿਹੇ ਰਾਜ ਦੀ ਚਾਹਤ ਪੈਦਾ ਕੀਤੀ ਜਿੱਥੇ ਸੱਭ ਸ਼ਹਿਰੀਆਂ (ਨਾਗਰਿਕਾਂ) ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਬਰਾਬਰੀ ਹੋਵੇ। ਆਪ ਨੇ ਅਜਿਹੇ ਰਾਜ ਦਾ ਸੁਪਨਾ ਉਲੀਕਿਆ ਜਿੱਥੇ ਬੁਨਿਆਦੀ ਹੱਕ ਬਤੌਰ ਮਨੁੱਖ ਸੱਭ ਦੇ ਬਰਾਬਰ ਹੋਣ। ਜਿੱਥੇ ਆਦਿ ਵਾਸੀ ਗੁਲਾਮੀ ਦੀ ਜਕੜ ਵਿੱਚੋਂ ਨਿਕਲ ਕੇ ਆਜ਼ਾਦੀ ਦਾ ਆਨੰਦ ਮਾਣਦੇ ਹੋਏ ਸ਼ਾਂਤੀ ਨਾਲ ਜਿੰਦਗੀ ਗੁਜਾਰ ਸਕਣ। ਆਪ ਅਜਿਹੇ ਸੁਤੰਤਰ ਤੇ ਆਦਰਸ਼ਕ ਲੋਕ ਰਾਜ ਦੇ ਮੁਦੱਈ ਸਨ ਜਿਸ ਵਿੱਚ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਹੱਕ ਹਾਸਲ ਹੋਣ। ਕੋਈ ਦੂਜੇ ਤੇ ਤੀਜੇ ਦਰਜੇ ਦਾ ਨਾਗਰਿਕ ਨਾ ਹੋਵੇ। ਜਿਥੇ ਕਿਸੇ ਵੀ ਵਿਅਕਤੀ ਨੂੰ ਕੋਈ ਗ਼ਮ ਤੇ ਡਰ ਨਾ ਹੋਵੇ, ਨਾ ਕਿਸੇ ਨੂੰ ਚਿੰਤਾ ਤੇ ਫਿਕਰ , ਨਾ ਤੌਖਲਾ, ਨਾ ਕਿਸੇ ਨੂੰ ਬੰਦਸ਼ਾਂ ਤੇ ਪਾਬੰਦੀਆਂ ਨੇ ਘੇਰਿਆ ਹੋਵੇ। ਅਜਿਹੇ ਦੇਸ ਦੇ ਬਾਸ਼ਿੰਦੇ ਖੁਸ਼ਹਾਲ ਧਨੀ ਤੇ ਰੱਜੇ ਪੁੱਜੇ ਹੋਏ ਹੋਣ ਅਤੇ ਹਰ ਇਕ ਨੂੰ ਮਨਮਰਜ਼ੀ ਨਾਲ ਬਿਨਾਂ ਰੋਕ ਟੋਕ ਘੁੰਮਣ ਫਿਰਨ ਦੀ ਪੂਰੀ ਆਜ਼ਾਦੀ ਹੋਵੇ। ਜਿਥੇ ਹਰ ਮਨੁੱਖ ਦੀ ਪਹੁੰਚ ਰਾਜ ਮਹਿਲਾਂ ਤੱਕ ਬੇਰੋਕ ਹੋਵੇ। ਆਪ ਨੇ ਊਚ ਨੀਚ ਦੇ ਨਿਜ਼ਾਮ ਨੂੰ ਰੱਦ ਕਰਦਿਆਂ ਸਰਬ ਸਾਂਝੀਵਾਲਤਾ ਦੇ ਪ੍ਰਤੀਕ, ਇਨਸਾਨੀਅਤ ਦੇ ਹਿਤੈਸ਼ੀ, ਸਰਬੱਤ ਦੇ ਭਲੇ ਵਾਲੇ ਅਤੇ ਸਮਾਜਵਾਦੀ ਰਾਜ ਦਾ ਖ਼ਾਕਾ ਉਲੀਕਿਆ ਹੈ ਜੋ ਉਨ੍ਹਾਂ ਦੀ ਸੂਝ ਬੂਝ ਦਾ ਕਮਾਲ ਮੰਨਿਆਂ ਜਾਂਦਾ ਹੈ। ਆਪ ਨੇ ਅਜਿਹਾ ਆਦਰਸ਼ਕ ਤੇ ਆਜ਼ਾਦ ਲੋਕ ਰਾਜ ਸਿਰਜਣ ਦੀ ਕਾਮਨਾ ਕਰਕੇ ਸ਼ੂਦਰ (ਗੁਲਾਮ) ਸਮਾਜ ਦੀਆਂ ਅੱਖਾਂ ਵਿੱਚ ਨਵੀਆਂ ਹੋਣੀਆਂ ਲਿਸ਼ਕਾ ਦਿੱਤੀਆਂ

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਰਾਜ ਨਾ ਮਾਲਿ॥
ਖਉਫੁ ਨਾ ਖਤਮ ਨਾ ਤਰਸੁ ਜਵਾਲੁ॥ ੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾ ਖੈਰਾ ਸਦਾ ਮੇਰੇ ਭਾਈ॥ ੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਸਾਹੀ॥
ਦੋਮ ਨਾ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤ ਹਮਾਰਾ॥ ੩॥੨॥
( ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ੩੪੫)

ਸਮਾਜ ਦੇ ਕਲਿਆਣ ਲਈ ਗੁਰੂ ਜੀ ਨੇ ਸਾਰੇ ਦੇਸ਼ ਦਾ ਭਰਮਣ ਕੀਤਾ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਮਹਾਂਰਾਸ਼ਟਰ , ਪੰਜਾਬ ਵਿੱਚ ਥਾਂ ਥਾਂ ਘੁੰਮਕੇ ਗਿਆਨ ਗੋਸ਼ਟੀਆਂ ਕੀਤੀਆਂ। ਗੁਰੂ ਜੀ ਨੇ ਪੁਸ਼ਕਰ, ਪ੍ਰਯਾਗ, ਮੁਲਤਾਨ, ਮਥਰਾ, ਪੁਰੀ,ਪਨਘਾਟ ਆਦਿ ਤੀਰਥਾਂ ਦੀ ਯਾਤਰਾ ਕੀਤੀ ਤੇ ਸ਼੍ਰੋਮਣੀ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਕੇ ਸੱਚ ਦਾ ਮਾਰਗ ਦਰਸਾਇਆ। ਆਪ ਨੇ ਅਯੁੱਧਿਆ, ਭਰਤਪੁਰ, ਮਥਰਾ, ਦਿੱਲੀ ਗੁੜਗਾਓਂ, ਬਿੰਦਰਾਬਨ, ਤ੍ਰਿਬੇਣੀ ਸੰਗਮ, ਗੋਦਾਵਰੀ, ਕੋਠਾ ਸਾਹਿਬ ( ਜ਼ਿਲ੍ਹਾ ਅੰਮ੍ਰਿਤਸਰ), ਖੁਰਾਲਗੜ੍ਹ (ਜ਼ਿਲ੍ਹਾ ਹੁਸ਼ਿਆਰਪੁਰ) ਲੁਧਿਆਣਾ, ਫਗਵਾੜਾ ਆਦਿ ਸਥਾਨਾਂ ਤੇ ਜਾਕੇ ਸਮਾਜ ਦੇ ਕਲਿਆਣ ਹਿੱਤ ਗੁਰਮਤਿ ਦਾ ਉਪਦੇਸ਼ ਦਿੱਤਾ। ਭਾਈ ਬਾਲਾ ਜੀ ਦੀ ਸਾਖੀ ਅਨੁਸਾਰ ਆਪ ਦੇ ਹਿਮਾਲਾ ਦੀ ਚੋਟੀ ਸਿਰਧਾਰ ਤੱਕ ਪਹੁੰਚਣ ਦੀ ਪੁਸ਼ਟੀ ਹੋ ਚੁੱਕੀ ਹੈ। 1482 ਈਸਵੀ ਵਿੱਚ ਚੂਹੜਕਾਣੇ ਵਿਚ ਸੱਚੇ ਸੌਦੇ ਵਾਲੀ ਸਾਖੀ ਵੀ ਗੁਰੂ ਰਵਿਦਾਸ ਤੇ ਉਨ੍ਹਾਂ ਦੇ ਸਹਿਯੋਗੀ ਸੰਤ ਮਹਾਂਪੁਰਸ਼ ਬਾਬਾ ਕਬੀਰ ਜੀ, ਸੰਤ ਰੇਣ ਜੀ, ਭਗਤ ਧੰਨਾ ਜੀ ਨਾਲ ਸਬੰਧਤ ਹੈ। ਉਹ ਕੋਈ ਭੁੱਖੇ ਤੇ ਨਿਖੱਟੂ ਸਾਧ ਨਹੀਂ ਸਨ ਸਗੋਂ ਵਿਦਵਾਨ ਤੇ ਸਮਾਜ ਦੇ ਹਿਤੈਸ਼ੀ ਮਾਨਵਵਾਦੀ ਰਹਿਬਰ ਸਨ।

ਏਸੇ ਤਰ੍ਹਾਂ 1496 ਵਿਚ ਗੁਰੂ ਨਾਨਕ ਜੀ ਦੇ ਵੇਈਂ ਪ੍ਰਵੇਸ਼ ਉਪਰੰਤ "ਗੁਰਦੁਆਰਾ ਸੰਤਘਾਟ" ਸੁਲਤਾਨ ਪੁਰ ਲੋਧੀ ਵਰਗੇ ਮੁਕੱਦਸ ਸਥਾਨ ਤੇ (ਨੌਜੁਆਨ ) ਬਾਬਾ ਨਾਨਕ ਜੀ ਤਿੰਨ ਦਿਨ ਇੱਥੇ ਬਜ਼ੁਰਗ ਇਨਕਲਾਬੀ ਮਹਾਂ ਪੁਰਖਾਂ ਸੰਤ ਕਬੀਰ ਸਾਹਿਬ , ਗੁਰੂ ਰਵਿਦਾਸ ਜੀ , ਸੰਤ ਬਾਬਾ ਧੰਨਾ ਜੀ , ਭਗਤ ਸੈਣ ਜੀ ਨਾਲ ਗਿਆਨ ਗੋਸ਼ਟੀ ਕੀਤੀ ਤੇ ਦੀਰਘ ਵਿਚਾਰ ਚਰਚਾਵਾਂ ਉਪਰੰਤ ਵਰਣ ਵੰਡ, ਜਾਤ ਪਾਤੀ ਵਿਤਕਰੇ, ਊਚ ਨੀਚ,ਛੂਤਛਾਤ , ਮਜ਼ਹਬਾਂ, ਨਸਲਾਂ, ਲਿੰਗ ਤੇ ਰੰਗ ਭੇਦ ਵਿਰੋਧੀ ਅਮਾਨਵੀ ਵਿਚਾਰਧਾਰਾ ਨੂੰ ਰੱਦ ਕਰਕੇ "ਅੱਵਲ ਅਲਾ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ" ਵਾਲੀ ਮਾਨਵੀ ਸੋਚ ਦੇ ਪਸਾਰ ਪਰਚਾਰ ਲਈ ਬਾਬਾ ਗੁਰੂ ਨਾਨਕ ਜੀ ਨੇ ਮੋਦੀ ਖਾਨੇ ਦੀ ਨੌਕਰੀ, ਘਰ ਬਾਰ ਤੇ ਟੱਬਰ ਟੀਹਰ ਛੱਡਕੇ ਉਦਾਸੀਆਂ (ਪਰਚਾਰ ਯਾਤਰਾਵਾਂ ) ਕਰਨ ਦਾ ਕਠਿਨ ਫੈਸਲਾ ਲਿਆ ਤੇ ਭਾਈ ਮਰਦਾਨਾ ਜੀ ਨੂੰ ਨਾਲ ਲੈਕੇ ਜਗਤ ਜਲੰਦੇ ਵਿਚ ਠੰਢ ਵਰਤਾਉਣ ,ਬੇਗਮਪੁਰੇ ਦੀ ਕਾਇਮੀ ਅਤੇ ਸਮਤਾ, ਸਮਾਨਤਾ ਭਾਈਚਾਰੇ ਵਾ਼ਲਾ ਸਰਬ ਸਾਂਝਾ ਸਮਾਜ ਸਿਰਜਣ ਲਈ ਚਲ ਪਏ ਸਨ ਏਸੇ ਸੰਤ ਮੰਡਲੀ ਨਾਲ ਦੀਰਘ ਵਿਚਾਰ ਚਰਚਾਵਾਂ ਤੇ ਗਿਆਨ ਗੋਸ਼ਟੀਆਂ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ।

ਇਹ ਵੀ ਇਤਿਹਾਸਕ ਸੱਚ ਹੈ ਕਿ ਗੁਰੂ ਨਾਨਕ ਜੀ ਪਹਿਲੀ ਉਦਾਸੀ ਵੇਲੇ 15 ਦਿਨ ਗੁਰੂ ਕੇ ਬਾਗ ਬਨਾਰਸ ਵਿਖੇ ਸੰਤ ਕਬੀਰ ਸਾਹਿਬ ਤੇ ਗੁਰੂ ਰਵਿਦਾਸ ਨਾਲ ਗਿਆਨ ਗੋਸ਼ਟੀਆਂ ਕਰਦੇ ਰਹੇ ਤੇ ਉਹਨਾਂ ਦੀ ਰਚੀ ਬਾਣੀ ਲੈਕੇ ਬੰਗਾਲ ਵੱਲ ਗਏ। ਗੁਰੂ ਰਵਿਦਾਸ ਜੀ ਦੇ ਚਿਤੌੜਗੜ੍ਹ ਵਿਚ ਜਾਕੇ ਬ੍ਰਹਮਭੋਜ ਵਿਚ ਸ਼ਾਮਲ ਹੋਣ ਦੀ ਪੁਸ਼ਟੀ ਵੀ ਹੋ ਚੁੱਕੀ ਹੈ। ਜਿਥੇ ਆਪ ਆਪਣੀ ਪਰਮ ਸ਼ਿਸ਼ ਰਾਣਾ ਸਾਂਗਾ ਦੀ ਪਤਨੀ ਝਾਲਾਂਬਾਈ ਦੇ ਵਿਸ਼ੇਸ਼ ਸੱਦੇ 'ਤੇ ਪਧਾਰੇ ਸਨ। ਰਾਓ ਦੂਦਾ ਜੀ ਦੀ ਪੋਤਰੀ ਮੀਰਾ ਬਾਈ ਦੇ ਰਾਜ ਕੁਮਾਰ ਭੋਜਰਾਜ ਨਾਲ ਹੋਏ ਵਿਆਹ ਦੇ ਮਹਾਂਉਤਸਵ ਤੇ ਗੁਰੂ ਜੀ ਨੇ ਸਿਸੋਦੀਆ ਬੰਸ ਦੇ ਕੁਲ ਗੁਰੂ ਵਜੋਂ ਸੁਭਾਗੀ ਜੋੜੀ ਨੂੰ ਅਸ਼ੀਰਵਾਦ ਵੀ ਦਿੱਤਾ ਸੀ। ਗੁਰੂ ਰਵਿਦਾਸ ਜੀ ਦਾ ਦੇਹਾਂਤ 1540 ਈਸਵੀ ਨੂੰ ਚਿਤੌੜ ਗੜ੍ਹ ਵਿੱਚ ਹੋਇਆ। ਆਪ ਦੀ ਉਮਰ 125 ਸਾਲ ਸੀ।

ਸੋ ਆਓ ! ਸੰਤ ਸਤਿਗੁਰੂ ਦੇ ਸੁਪਨੇ ਤੇ ਭਵਿੱਖ ਵਾਚੀ ਬੋਲਾਂ ਨੂੰ ਸਾਕਾਰ ਕਰਨ ਲਈ ਵਰਣ ਵੰਡ, ਜਾਤ- ਪਾਤ ਤੇ ਊਚ -ਨੀਚ ਤੋਂ ਉੱਪਰ ਉੱਠ ਕੇ ਅਜਿਹੇ ਨਵੇਂ ਸਮਾਜ ਦੀ ਸਿਰਜਣਾ ਕਰਨ ਹਿੱਤ ਸੰਘਰਸ਼ ਕਰੀਏ ਜਿੱਥੇ ਸੱਭ ਨਾਗਰਿਕ ਆਜ਼ਾਦੀ ਦਾ ਅਨੰਦ ਮਾਣਦੇ ਹੋਏ ਸਮਤਾ, ਸਮਾਨਤਾ ਤੇ ਭਾਈਚਾਰੇ ਵਾਲਾ ਜੀਵਨ ਜਿਉਂ ਸਕਣ।



ਲਾਲ ਸਿੰਘ ਸੁਲਹਾਣੀ
91-98721-55120

# ਸਤਿਗੁਰੂ ਰਵਿਦਾਸ ਜੀ ਦੇ 645ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ





ਮੱਖਣ ਸਿੰਘ ਬੈਂਸ



ਗਿਆਨੀ ਰਵਿੰਦਰ ਸਿੰਘ

Toll Free 1-866-FOR-RAJA
www.rajasweets.com
msbains@rajasweets.com

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com